## ਅਧਿਆਇ 50

# ਯਾਕੂਬ ਦਾ ਦਫਨਾਇਆ ਜਾਣਾ ਅਤੇ ਯੂਸੁਫ਼ ਦਾ ਆਖ਼ਰੀ ਸਮਾਂ

ਉਤਪਤ ਦੇ ਵਿਰਤਾਂਤ ਦੇ ਵਰਣਨ ਦੇ ਅੰਤ ਵਿਚ, ਲੇਖਕ ਨੇ ਬਹੁਤ ਹੀ ਸਪੱਸ਼ਟ ਪਰ ਸੰਖੇਪ ਢੰਗ ਨਾਲ ਉਸ ਪਿਆਰ ਨੂੰ ਪਰਗਟ ਕੀਤਾ ਜੋ ਯੂਸੁਫ਼ ਦੇ ਮਨ ਵਿਚ ਯਾਕੂਬ ਦੇ ਲਈ ਸੀ। ਉਸ ਨੇ ਦਿਲੋਂ ਆਪਣੇ ਪਿਤਾ ਦੀ ਮੌਤ ਦਾ ਸੋਗ ਕੀਤਾ ਅਤੇ ਆਪਣੇ ਪਿਤਾ ਦੀ ਉਸ ਬੇਨਤੀ ਦਾ ਆਦਰ ਕੀਤਾ ਜੋ ਉਸ ਨੇ ਯੂਸੁਫ਼ ਦੇ ਅੱਗੇ ਕੀਤੀ ਸੀ ਕਿ ਉਸ ਨੂੰ ਵਾਇਦੇ ਦੇ ਦੇਸ ਵਿਚ ਦਫਨਾਇਆ ਜਾਵੇ (50:1-14)। ਲਿਖਤ ਉਸ ਪਿਆਰ ਨੂੰ ਵੀ ਵਿਖਾਉਂਦੀ ਹੈ ਕਿ ਜੋ ਯੂਸੁਫ਼ ਦੇ ਮਨ ਵਿਚ ਆਪਣੇ ਭਰਾਵਾਂ ਦੇ ਲਈ ਸੀ ਜਦੋਂ ਉਸ ਨੇ ਉਨ੍ਹਾਂ ਨੂੰ ਮਾਫ਼ ਕਰਨ ਦਾ ਭਰੋਸਾ ਦਿੱਤਾ (50:15-21)। ਉਤਪਤ ਦੀ ਪੁਸਤਕ ਯੂਸੁਫ਼ ਦੀ ਮੌਤ ਦੇ ਨਾਲ ਹੀ ਖਤਮ ਹੋ ਜਾਂਦੀ ਹੈ। ਉਸ ਦੇ ਮਰਨ ਤੋਂ ਪਹਿਲਾਂ, ਇਸਰਾਏਲ ਦੇ ਪੁੱਤਰਾਂ ਦੇ ਮਿਸਰ ਨੂੰ ਛੱਡ ਕੇ ਜਾਣ ਤੋਂ ਬਾਅਦ, ਉਸ ਨੇ ਵੀ ਕਨਾਨ ਦੇ ਦੇਸ ਵਿਚ ਦਫ਼ਨਾਏ ਜਾਣ ਦੀ ਇੱਛਾ ਜਾਹਿਰ ਕੀਤੀ ਸੀ। ਇਹ ਬੇਨਤੀ ਉਸ ਵੱਡੀ ਨਿਹਚਾ ਨੂੰ ਪਰਗਟ ਕਰਦੀ ਹੈ ਜੋ ਯੂਸੁਫ਼ ਨੂੰ ਪਰਮੇਸ਼ੁਰ ਦੇ ਵਾਅਦਿਆਂ ਵਿਚ ਸੀ (50:22-26)।

### ਯਾਕੂਬ ਨੂੰ ਕਨਾਨ ਵਿਚ ਦਫਨਾਇਆ ਜਾਣਾ (50:1-14)

**[1]ਯੂਸੁਫ਼ ਆਪਣੇ ਪਿਤਾ ਦੇ ਮੂੰਹ ਉੱਤੇ ਡਿੱਗ ਕੇ ਉਸ ਉੱਤੇ ਰੋਇਆ ਅਰ ਉਸ ਨੂੰ ਚੁੰਮਿਆ।
[2]ਫੇਰ ਯੂਸੁਫ਼ ਨੇ ਆਪਣੇ ਟਹਿਲੂਆਂ ਨੂੰ ਅਰਥਾਤ ਵੈਦਾਂ ਨੂੰ ਆਗਿਆ ਦਿੱਤੀ ਭਈ ਓਹ ਉਸ ਦੇ
ਪਿਤਾ ਵਿੱਚ ਸੁਗੰਧੀਆਂ ਭਰਨ ਸੋ ਉਨ੍ਹਾਂ ਵੈਦਾਂ ਨੇ ਇਸਰਾਏਲ ਵਿੱਚ ਸੁਗੰਧੀਆਂ ਭਰੀਆਂ। [3]ਅਤੇ
ਉਨ੍ਹਾਂ ਨੇ ਉਸ ਦੇ ਲਈ ਚਾਲੀ ਦਿਨ ਪੂਰੇ ਕੀਤੇ ਕਿਉਂਜੋ ਐਉਂ ਓਹ ਸੁਗੰਧੀਆਂ ਭਰਨ ਦੇ ਦਿਨ
ਪੂਰੇ ਕਰਦੇ ਹੁੰਦੇ ਸਨ ਅਤੇ ਮਿਸਰੀ ਉਸ ਦੇ ਲਈ ਸੱਤਰ ਦਿਨ ਰੋਂਦੇ ਰਹੇ। [4]ਅਤੇ ਜਾਂ ਉਸ ਦੇ
ਰੋਣ ਦੇ ਦਿਨ ਬੀਤ ਗਏ ਤਾਂ ਯੂਸੁਫ਼ ਨੇ ਫ਼ਿਰਊਨ ਦੇ ਘਰਾਣੇ ਨੂੰ ਏਹ ਗੱਲ ਆਖੀ ਕਿ ਜੇ ਮੇਰੇ ਉੱਤੇ
ਤੁਹਾਡੀ ਦਯਾ ਦੀ ਨਿਗਾਹ ਹੈ ਤਾਂ ਫ਼ਿਰਊਨ ਦੇ ਕੰਨਾਂ ਵਿੱਚ ਇਹ ਬੋਲੋ [5]ਮੇਰੇ ਪਿਤਾ ਨੇ ਮੈਥੋਂ ਏਹ
ਸੌਂਹ ਲਈ ਸੀ ਕਿ ਵੇਖ ਮੈਂ ਮਰਨ ਵਾਲਾ ਹਾਂ ਮੈਨੂੰ ਉਸ ਕਬਰ ਵਿੱਚ ਜਿਸ ਨੂੰ ਮੈਂ ਆਪਣੇ ਲਈ
ਕਨਾਨ ਦੇਸ ਵਿੱਚ ਪੁੱਟਿਆ ਸੀ ਦੱਬੀਂ। ਸੋ ਹੁਣ ਮੈਨੂੰ ਉਤਾਹਾਂ ਜਾਣ ਦਿਓ ਤਾਂਜੋ ਮੈਂ ਆਪਣੇ ਪਿਤਾ
ਨੂੰ ਦੱਬਾਂ ਅਤੇ ਮੁੜ ਆਵਾਂ। [6]ਤਾਂ ਫ਼ਿਰਊਨ ਆਖਿਆ, ਜਾਹ ਅਰ ਆਪਣੇ ਪਿਤਾ ਨੂੰ ਦੱਬ ਜਿਵੇਂ
ਉਸ ਨੇ ਤੈਥੋਂ ਸੌਂਹ ਲਈ ਹੈ। [7]ਉਪਰੰਤ ਯੂਸੁਫ਼ ਆਪਣੇ ਪਿਤਾ ਨੂੰ ਦੱਬਣ ਲਈ ਉਤਾਹਾਂ ਗਿਆ ਅਤੇ
ਉਸ ਦੇ ਨਾਲ ਫ਼ਿਰਊਨ ਦੇ ਸਾਰੇ ਟਹਿਲੂਆਂ ਅਤੇ ਉਸ ਦੇ ਘਰਾਣੇ ਦੇ ਸਾਰੇ ਬਜ਼ੁਰਗ ਅਤੇ ਮਿਸਰ
ਦੇਸ ਦੇ ਸਾਰੇ ਬਜ਼ੁਰਗ ਗਏ [8]ਅਤੇ ਯੂਸੁਫ਼ ਦਾ ਸਾਰਾ ਘਰਾਣਾ ਅਤੇ ਉਸ ਦੇ ਭਰਾ ਅਤੇ ਉਸ ਦੇ
ਪਿਤਾ ਦਾ ਘਰਾਣਾ ਵੀ ਗਏ ਕੇਵਲ ਉਨ੍ਹਾਂ ਦੇ ਨਿਆਣੇ ਅਤੇ ਇੱਜੜ ਅਤੇ ਚੌਣੇ ਗੋਸ਼ਨ ਦੇਸ ਵਿੱਚ**

**ਰਹਿ ਗਏ। 9ਉਸ ਦੇ ਨਾਲ ਰਥ ਵੀ ਅਤੇ ਅਸਵਾਰ ਵੀ ਉਤਾਹਾਂ ਨੂੰ ਗਏ ਸੋ ਅੱਤ ਵੱਡੀ ਭੀੜ ਹੋ
ਗਈ। 10ਓਹ ਆਤਾਦ ਦੇ ਪਿੜ ਤੀਕ ਆਏ ਜਿਹੜਾ ਯਰਦਨ ਪਾਰ ਹੈ ਉੱਥੇ ਉਨ੍ਹਾਂ ਨੇ ਅੱਤ ਭਾਰੀ
ਅਤੇ ਡਾਢਾ ਵਿਰਪਾਲ ਕੀਤਾ ਅਤੇ ਬਹੁਤ ਰੋਏ ਅਰ ਉਸ ਨੇ ਆਪਣੇ ਪਿਤਾ ਲਈ ਸੱਤ ਦਿਨ ਸੋਗ
ਕੀਤਾ। 11ਜਾਂ ਉਸ ਦੇਸ ਦੇ ਰਹਿਣ ਵਾਲੇ ਕਨਾਨੀਆਂ ਨੇ ਉਸ ਸੋਗ ਨੂੰ ਆਤਾਦ ਦੇ ਪਿੜ ਵਿੱਚ
ਡਿੱਠਾ ਤਾਂ ਉਨ੍ਹਾਂ ਨੇ ਆਖਿਆ, ਮਿਸਰੀਆਂ ਦਾ ਏਹ ਭਾਰੀ ਸੋਗ ਹੈ ਏਸ ਕਾਰਨ ਉਸ ਦਾ ਨਾਉਂ
ਆਬੇਲ ਮਿਸਰਾਈਮ ਜਿਹੜਾ ਯਰਦਨ ਪਾਰ ਹੈ ਰੱਖਿਆ ਗਿਆ। 12ਉਸ ਦੇ ਪੁੱਤ੍ਰਾਂ ਨੇ ਓਵੇਂ ਕੀਤਾ
ਜਿਵੇਂ ਉਸ ਨੇ ਉਨ੍ਹਾਂ ਨੂੰ ਆਗਿਆ ਦਿੱਤੀ ਸੀ। 13ਉਸ ਦੇ ਪੁੱਤ੍ਰ ਉਹ ਨੂੰ ਕਨਾਨ ਦੇਸ ਵਿੱਚ ਲੈ ਗਏ
ਅਰ ਉਹ ਨੂੰ ਮਕਫੇਲਾਹ ਦੀ ਪੈਲੀ ਦੀ ਗੁਫਾ ਵਿੱਚ ਦੱਬਿਆ ਜਿਸ ਪੈਲੀ ਨੂੰ ਅਬਰਾਹਾਮ ਨੇ
ਅਫਰੋਨ ਹਿੱਤੀ ਤੋਂ ਕਬਰ ਦੀ ਮਿਲਖ ਲਈ ਮਮਰੇ ਦੇ ਅੱਗੇ ਮੁੱਲ ਲਿਆ ਸੀ। 14ਉਪਰੰਤ ਯੂਸੁਫ਼
ਆਪ ਅਤੇ ਉਸ ਦੇ ਭਰਾ ਅਰ ਸਭ ਜਿਹੜੇ ਉਸ ਦੇ ਨਾਲ ਉਸ ਦੇ ਪਿਤਾ ਨੂੰ ਦੱਬਣ ਲਈ ਗਏ
ਸਨ ਉਸ ਦੇ ਪਿਤਾ ਨੂੰ ਦੱਬਣ ਦੇ ਮਗਰੋਂ ਮਿਸਰ ਨੂੰ ਮੁੜ ਆਏ।**

**ਆਇਤ 1.** ਉਹ ਪੁੱਤਰ ਜਿਸ ਨੂੰ ਕਈ ਸਾਲ ਪਹਿਲਾਂ ਇਹ ਸਮਝਿਆ ਗਿਆ ਸੀ ਕਿ ਉਹ ਮਰ ਚੁੱਕਾ ਸੀ ਉਹ ਜਦੋਂ ਆਪਣੇ ਭਰਾਵਾਂ ਅਤੇ ਆਪਣੇ ਪਿਤਾ ਨੂੰ ਦੁਬਾਰਾ ਮਿਲਿਆ ਤਾਂ ਉਸ ਨੇ ਖ਼ੁਸ਼ੀ ਦੇ ਹੰਝੂ ਵਹਾਏ (45:1-15; 46:29); ਪਰ 50:1 ਵਿਚ ਇਹ ਕੋਮਲ ਦ੍ਰਿਸ਼ ਪੁਰਾਣੇ ਨੇਮ ਵਿਚ ਬੇਮਿਸਾਲ ਹੈ। ਇਹ ਸਾਨੂੰ ਉਸ ਸੰਬੰਧ ਦੇ ਬਾਰੇ ਚੇਤੇ ਕਰਾਉਂਦਾ ਹੈ ਜੋ ਯਾਕੂਬ ਅਤੇ ਉਸ ਦੇ ਲਾਡਲੇ ਪੁੱਤਰ ਵਿਚਕਾਰ ਸੀ, ਜਿਹੜਾ ਕਿ ਅਧਿਆਇ 37 ਤੋਂ ਹੀ ਕਹਾਣੀ ਦੀ ਪ੍ਰੇਰਣਾ ਦੇਣ ਵਾਲੀ ਇਕ ਵੱਡੀ ਸ਼ਕਤੀ ਰਿਹਾ ਹੈ। ਇਸ ਘਟਨਾ ਨੇ ਪਰਮੇਸ਼ੁਰ ਦੇ ਉਸ ਵਾਇਦੇ ਨੂੰ ਵੀ ਪੂਰਾ ਕੀਤਾ ਜਦੋਂ ਬਜ਼ੁਰਗ ਹੋ ਕੇ ਪੁਰਖੇ ਯੂਸੁਫ਼ ਨਾਲ ਦੁਬਾਰਾ ਮਿਲਣ ਦੇ ਲਈ ਕਨਾਨ ਤੋਂ ਮਿਸਰ ਨੂੰ ਜਾਣ ਵਾਲੇ ਔਖੇ ਸਫਰ ਵਿਚ ਭਰਾਵਾਂ ਦੇ ਨਾਲ ਹੋਵੇਗਾ, ਜਦੋਂ ਯੂਸੁਫ਼ ਪੁਰਖ ਦੇ ਜੀਵਨ ਦੇ ਘਟਦੇ ਸਾਲਾਂ ਵਿਚ ਅਤੇ ਉਸ ਦੇ ਅੱਖਾਂ ਮੀਟਣ ਤੱਕ ਉਸ ਦੇ ਨਾਲ ਹੋਵੇਗਾ (46:4)। ਸੋਗ ਵਿਚ ਡੁੱਬਿਆ **ਯੂਸੁਫ਼ ਆਪਣੇ ਪਿਤਾ ਦੇ ਮੂੰਹ ਉੱਤੇ ਡਿੱਗ ਕੇ ਉਸ ਉੱਤੇ ਰੋਇਆ ਅਰ ਉਸ ਨੂੰ ਚੁੰਮਿਆ।**

**ਆਇਤਾਂ 2, 3. ਯੂਸੁਫ਼ ਨੇ ਆਪਣੇ ਟਹਿਲੂਆਂ ਨੂੰ ਅਰਥਾਤ ਵੈਦਾਂ ਨੂੰ ਆਗਿਆ ਦਿੱਤੀ ਭਈ ਓਹ ਉਸ ਦੇ ਪਿਤਾ ਵਿੱਚ ਸੁਗੰਧੀਆਂ ਭਰਨ**, ਜਿਸ ਦਾ ਅਰਥ ਇਹ ਹੈ ਕਿ ਇਨ੍ਹਾਂ ਵੈਦਾਂ ਨੇ ਸੁਗੰਧੀਆਂ ਭਰਨ ਦੇ ਦੁਆਰਾ ਲਾਸ਼ ਨੂੰ ਦਫਨਾਉਣ ਦੇ ਲਈ ਤਿਆਰ ਕਰਨਾ ਸੀ। ਮਿਸਰ ਵਿਚ ਸੁਗੰਧੀਆਂ ਭਰਨਾ ਆਮ ਤੌਰ ਤੇ ਇਕ ਧਾਰਮਿਕ ਕੰਮ ਸੀ ਜਿਸ ਵਿਚ ਮੁਰਦਿਆਂ ਦੇ ਦੇਵਤਿਆਂ ਅਰਥਾਤ ਅਨੁਬਿਸ ਜਾਂ ਓਸੀਰਿਸ ਨੂੰ ਬੁਲਵਾ ਕੇ ਉਨ੍ਹਾਂ ਕੋਲੋਂ ਜਾਦੂ-ਟੋਣਾ ਜਾਂ ਮੰਤਰ ਪੜ੍ਹਾਉਣਾ ਸ਼ਾਮਲ ਸੀ। ਪਰ, ਯੂਸੁਫ਼ ਸਿਰਫ ਸਰਬਸ਼ਕਤੀਮਾਨ ਪਰਮੇਸ਼ੁਰ (אֵל שַׁדַּי, *ਏਲ ਸ਼ਦਾਈ)*, ਅਬਰਾਹਾਮ (17:1), ਇਸਹਾਕ (28:3) ਅਤੇ ਯਾਕੂਬ (48:3) ਦੇ ਪਰਮੇਸ਼ੁਰ ਦੀ ਬੰਦਗੀ ਕਰਦਾ ਸੀ।

ਮ੍ਰਿਤਕ ਨੂੰ ਮੌਤ ਤੋਂ ਬਾਅਦ ਜੀਵਨ ਹਾਸਲ ਕਰਨ ਦੇ ਲਈ ਤਿਆਰ ਕਰਨ ਦੀ ਪ੍ਰਕਿਰਿਆ ਕਾਫੀ ਲੰਬੀ ਅਤੇ ਗੁੰਝਲਦਾਰ ਸੀ, ਕਿਉਂਕਿ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਵਿਚ **ਚਾਲੀ ਦਿਨ** ਲੱਗ ਜਾਂਦੇ ਸਨ। ਇਹ ਕਾਫੀ ਮਹਿੰਗੀ ਵੀ ਸੀ; ਸਿਰਫ ਧਨੀ ਅਤੇ ਸ਼ਕਤੀਸ਼ਾਲੀ ਮਿਸਰੀ ਲੋਕ ਹੀ ਇਸ ਪ੍ਰਕਿਰਿਆ ਦਾ ਖਰਚਾ ਝੱਲ ਸਕਦੇ ਸਨ। ਕਿਉਂਕਿ ਯੂਸੁਫ਼, ਮਿਸਰ ਦਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ, ਕਾਫੀ ਧਨੀ ਸੀ ਅਤੇ ਫ਼ਿਰਊਨ ਉਸ ਦਾ ਬਹੁਤ ਆਦਰ ਕਰਦਾ ਸੀ, ਉਹ ਆਪਣੇ ਪਿਤਾ ਦੇ ਲਈ ਸੁਗੰਧੀਆਂ ਭਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਵਾਉਣ ਵਿਚ ਸਮਰੱਥ ਹੋਇਆ। ਪਰ, ਇਹ ਤੱਥ ਕਿ ਉਸ ਨੇ ਇਸ ਪ੍ਰਕਿਰਿਆ ਵਿਚ ਸਿਰਫ "ਵੈਦਾਂ" (רֹפְאִים, *ਰੋਪਇਮ*; ਸ਼ਾਬਦਿਕ ਤੌਰ ਤੇ "ਚੰਗਿਆਈ ਦੇਣ ਵਾਲਾ") ਇਹ ਦੱਸਦਾ ਹੈ ਕਿ ਉਸ ਨੇ ਮੁਰਦਿਆਂ ਦੇ ਮਿਸਰੀ

ਦੇਵਤਿਆਂ ਨਾਲ ਜੁੜੀਆਂ ਖਾਸ ਮਿਸਰੀ ਧਾਰਮਿਕ ਰੀਤਾਂ ਦਾ ਪਾਲਣ ਨਹੀਂ ਕੀਤਾ।[1]

ਯੂਸੁਫ਼ ਦੀ ਮੁੱਖ ਚਿੰਤਾ ਸੋਗ ਦੇ **ਸੱਤਰ ਦਿਨਾਂ**[2] ਦੌਰਾਨ ਆਪਣੇ ਪਿਤਾ ਦੀ ਲੋਥ ਨੂੰ ਸੜਨ ਤੋਂ ਬਚਾਉਣਾ ਅਤੇ ਫਿਰ ਉਸ ਨੂੰ ਦਫਨਾਉਣ ਦੇ ਲਈ ਵਾਪਸ ਕਨਾਨ ਵਿਚ ਲੈ ਕੇ ਜਾਣਾ ਸੀ। ਇਹ ਹਾਸਲ ਕਰਨ ਦੇ ਲਈ, ਵੈਦਾਂ ਨੇ ਸਰੀਰ ਵਿੱਚੋਂ ਮੁੱਖ ਅੰਗਾਂ ਨੂੰ ਕੱਢਣ ਦੇ ਲਈ ਲੋਥ ਦਾ ਚੀਰਫਾੜ ਕਰ ਦਿੱਤਾ। ਉਹ ਮਿੱਠੇ ਸੋਡੇ ਜਾਂ ਸੁਕਾਉਣ ਵਾਲੇ ਅਜਿਹੇ ਰਸਾਇਣਕ ਪਦਾਰਥ ਵਰਗੇ ਲੂਣ ਨਾਲ ਸੁਕਾਉਣ ਦੀ ਪ੍ਰਕਿਰਿਆ ਦੁਆਰਾ ਲੋਥਾਂ ਨੂੰ ਸੰਭਾਲ ਕੇ ਰੱਖਦੇ ਸਨ। ਹੋਰ ਕਈ ਤਰ੍ਹਾਂ ਦੇ ਤੇਲ ਅਤੇ ਰਾਲ ਵੀ ਮਲੀ ਜਾਂਦੀ ਸੀ ਅਤੇ ਖਾਲੀ ਸਰੀਰ ਨੂੰ ਇਸ ਦੇ ਮੁਢਲੇ ਰੂਪ ਵਿਚ ਲਿਆਉਣ ਦੇ ਲਈ ਇਸ ਨੂੰ ਮਸਾਲਿਆਂ ਅਤੇ ਹੋਰ ਕਈ ਤਰ੍ਹਾਂ ਦੇ ਪਦਾਰਥਾਂ ਨਾਲ ਭਰ ਦਿੱਤਾ ਜਾਂਦਾ ਸੀ। ਅੰਤ ਵਿਚ, ਸਰੀਰ ਨੂੰ ਕਈ ਤਰ੍ਹਾਂ ਦੇ ਕਤਾਨੀ ਕੱਪੜਿਆਂ ਦੇ ਵਿਚ ਲਪੇਟ ਦਿੱਤਾ ਜਾਂਦਾ ਸੀ ਜੋ ਕਿ ਰਾਲ ਵਿਚ ਭਿਓਏਂ ਗਏ ਹੁੰਦੇ ਸਨ ਤਾਂ ਕਿ ਸਰੀਰ ਨੂੰ ਫਿਰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚੇ।[3] ਇਸ ਅਧਿਆਇ ਵਿਚ ਯਾਕੂਬ ਅਤੇ ਯੂਸੁਫ਼ ਦੇ ਸਰੀਰਾਂ ਵਿਚ ਸੁਗੰਧੀਆਂ ਭਰਨ ਦੇ ਹਵਾਲੇ (50:2, 3, 26) ਬਾਈਬਲ ਵਿਚ ਇਸ ਤਰੀਕੇ ਨਾਲ ਦਫਨਾਉਣ ਦੀ ਰੀਤ ਦੇ ਸਿਰਫ ਇਹੀ ਦੋ ਉਦਾਹਰਣ ਹਨ ਅਤੇ ਉਹ ਉਸ ਉੱਚੇ ਆਦਰ-ਮਾਣ ਦੀ ਵੱਲ ਇਸ਼ਾਰਾ ਕਰਦੇ ਹਨ ਜਿਸ ਦਾ ਇਨ੍ਹਾਂ ਦੋਵਾਂ ਪਿਤਾ ਅਤੇ ਪੁੱਤਰ ਨੇ ਪ੍ਰਾਚੀਨ ਮਿਸਰ ਵਿਚ ਅਨੰਦ ਮਾਣਿਆ ਸੀ।

**ਆਇਤ 4.** ਯਾਕੂਬ ਦੇ ਲਈ **ਰੋਣ ਦੇ ਦਿਨ** ਬੀਤਣ ਤੋਂ ਬਾਅਦ, **ਯੂਸੁਫ਼ ਨੇ** ਆਪਣੇ ਪਿਤਾ ਦੇ ਦੇਹਾਂਤ ਤੋਂ ਪਹਿਲਾਂ ਉਸ ਦੇ ਦੁਆਰਾ ਕੀਤੀ ਬੇਨਤੀ ਸੰਬੰਧੀ ਰਾਜੇ ਦੇ **ਘਰਾਣੇ** (ਦਰਬਾਰ ਦੇ ਅਧਿਕਾਰੀਆਂ) ਨਾਲ ਗੱਲ ਕਰਨ ਦੁਆਰਾ **ਫ਼ਿਰਊਨ** ਨੂੰ ਆਦਰ ਵਿਖਾਇਆ। ਪ੍ਰਧਾਨ ਮੰਤਰੀ ਹੋਣ ਦੇ ਨਾਤੇ, ਯੂਸੁਫ਼ ਮਿਸਰ ਦੇਸ ਦੇ ਜਿੰਨੇ ਵੀ ਕੰਮ ਸਨ ਉਨ੍ਹਾਂ ਦੇ ਸੰਬੰਧ ਵਿਚ ਰਾਜੇ ਦੇ ਕੋਲ ਆਮ ਤੌਰ ਤੇ ਕਿਸੇ ਵੀ ਵੇਲੇ ਜਾ ਸਕਦਾ ਸੀ। ਪਰ, ਸੋਗ ਦੇ ਇਸ ਸਮੇਂ ਦੌਰਾਨ, ਸ਼ਾਇਦ ਉਹ ਨਹਾਤਾ ਨਹੀਂ ਸੀ, ਨਾ ਹੀ ਉਸ ਨੇ ਹਜਾਮਤ ਕੀਤੀ ਸੀ ਅਤੇ ਉਸ ਨੇ ਸੋਗ ਵਾਲੇ ਬਸਤ੍ਰ ਵੀ ਪਹਿਨੇ ਹੋਏ ਸਨ। ਰਸਮੀ ਅਸ਼ੁੱਧਤਾਈ ਦੀ ਇਸ ਅਵਸਥਾ ਵਿਚ ਫ਼ਿਰਊਨ ਦੇ ਸਾਹਮਣੇ ਆਉਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਸੀ ਹੁੰਦੀ (41:14)।[4] ਇਸ ਤੋਂ ਇਲਾਵਾ, ਉਹ ਨਿੱਜੀ ਬੇਨਤੀ ਕਰ ਰਿਹਾ ਸੀ ਕਿ ਉਸ ਨੂੰ ਆਪਣੇ ਪਿਤਾ ਨੂੰ ਦਫਨਾਉਣ ਦੇ ਲਈ ਮਿਸਰ ਵਿੱਚੋਂ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਉਹ ਕੂਟਨੀਤਕ ਬਣਨਾ ਚਾਹੁੰਦਾ ਸੀ ਅਤੇ ਇਹ ਯਕੀਨੀ ਬਣਾਉਣ ਚਾਹੁੰਦਾ ਸੀ ਕਿ ਉਸ ਦੀਆਂ ਗੱਲਾਂ ਕੋਈ ਮੰਗ ਨਾ ਲੱਗਣ। ਇਸ ਲਈ, ਉਸ ਨੇ ਬੜੀ ਹੀ ਹਲੀਮੀ ਨਾਲ ਦਰਬਾਰ ਦੇ ਅਧਿਕਾਰੀਆਂ ਨੂੰ ਇਹ ਕਹਿੰਦੇ ਹੋਏ ਸੰਬੋਧਿਤ ਕਰਨਾ ਸ਼ੁਰੂ ਕੀਤਾ, **ਜੇ ਮੇਰੇ ਉੱਤੇ ਤੁਹਾਡੀ ਦਯਾ ਦੀ ਨਿਗਾਹ ਹੈ** (ਵੇਖੋ 18:3; 33:10; 47:29)। ਫਿਰ ਉਸ ਨੇ ਉਨ੍ਹਾਂ ਨੂੰ ਉਸ ਦੀ ਖ਼ਾਤਰ **ਫ਼ਿਰਊਨ ਦੇ ਕੰਨਾਂ ਵਿੱਚ ਇਹ ਬੋਲਣ** ਦੇ ਲਈ ਆਖਿਆ।

**ਆਇਤ 5.** ਯੂਸੁਫ਼ ਨੇ ਅੱਗੇ ਇਹ ਸਮਝਾਇਆ ਕਿ ਉਸ ਦੇ **ਪਿਤਾ ਨੇ** ਉਸ ਕੋਲੋਂ ਇਹ **ਸੌਂਹ** ਲਈ ਸੀ ਕਿ ਉਹ ਉਸ ਦੀ ਦੇਹ ਨੂੰ ਉਸ ਕਬਰ ਵਿਚ ਦੱਬੇ ਜਿਹੜੀ ਉਸ ਨੇ **ਕਨਾਨ ਦੇਸ ਵਿੱਚ** ਆਪਣੇ ਲਈ ਪੁੱਟੀ ਸੀ। ਯੂਸੁਫ਼ ਨੇ ਬੜੀ ਸਮਝਦਾਰੀ ਨਾਲ ਯਾਕੂਬ ਦੀ ਇਸ ਮੰਗ ਨੂੰ ਛੱਡ ਦਿੱਤਾ ਕਿ ਉਹ ਮਿਸਰ ਵਿਚ ਨਾ ਦਫਨਾਇਆ ਜਾਵੇ (47:29); ਉਹ ਇਹ ਸੰਕੇਤ ਦੇ ਕੇ ਕਿ ਮਿਸਰ ਵਿਚ ਦਫਨਾਉਣ ਨਾਲ ਕੁਝ ਗਲਤ ਹੋ ਜਾਣਾ ਸੀ ਫ਼ਿਰਊਨ ਨੂੰ ਕਿਸੇ ਤਰ੍ਹਾਂ ਦੀ ਕੋਈ ਠੇਸ ਨਹੀਂ ਸੀ ਪਹੁੰਚਾਉਣਾ ਚਾਹੁੰਦਾ।

"ਪੁੱਟਿਆ" ਕਿਰਿਆ כָּרָה (*ਕਾਰਾਹ)* ਸ਼ਬਦ ਤੋਂ ਨਿੱਕਲੀ ਹੈ ਅਤੇ ਇਸ ਸੰਦਰਭ ਵਿਚ ਇਸ ਦਾ ਅਨੁਵਾਦ "ਕੱਟ ਕੇ ਬਣਾਉਣਾ" ਕੀਤਾ ਜਾ ਸਕਦਾ ਹੈ (NRSV; ESV)। ਇਹ ਵੀ ਸੱਚ ਹੈ ਕਿ ਮਕਫੇਲਾਹ ਦੀ ਗੁਫਾ ਯਾਕੂਬ ਨੇ ਨਹੀਂ ਸੀ ਪੁੱਟੀ, ਕਿਉਂਕਿ ਇਹ ਇਕ ਕੁਦਰਤੀ ਗੁਫਾ ਸੀ। ਬਹੁਤ

ਸਾਲ ਪਹਿਲਾਂ, ਅਬਰਾਹਾਮ ਨੇ ਸਾਰਾਹ ਦੀ ਮੌਤ ਤੋਂ ਬਾਅਦ ਇਸ ਗੁਫਾ ਅਤੇ ਇਸ ਦੇ ਆਲੇ-ਦੁਆਲੇ ਦੀ ਜ਼ਮੀਨ ਨੂੰ ਕਬਰਿਸਤਾਨ ਦੇ ਲਈ ਖਰੀਦਿਆ ਸੀ (23:1-20)। ਪਰ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਬਾਅਦ ਵਿਚ ਇਸਹਾਕ ਅਤੇ ਯਾਕੂਬ ਨੇ ਉਸ ਮੁੱਖ ਗੁਫਾ ਦੀਆਂ ਵੱਖ-ਵੱਖ ਦਿਸ਼ਾਵਾਂ ਵਿਚ ਇਸ ਕਬਰਿਸਤਾਨ ਦਾ ਕੁਝ ਹਿੱਸਾ ਆਪਣੀਆਂ ਪਤਨੀਆਂ (ਰਿਬਕਾਹ ਅਤੇ ਸਾਰਾਹ) ਅਤੇ ਖੁਦ ਉਨ੍ਹਾਂ ਦੇ ਆਪਣੇ ਦਫਨਾਉਣ ਦੇ ਲਈ ਵਰਤਣ ਵਾਸਤੇ ਕੱਟ ਲਿਆ ਸੀ। ਇਸ ਕੁਦਰਤੀ ਗੁਫਾ ਵਿਚ ਦਫਨਾਉਣ ਦੇ ਲਈ ਸੀਮਿਤ ਥਾਂ ਹੋਣ ਦੇ ਕਾਰਣ, ਯਾਕੂਬ ਆਪਣੇ ਪਰਿਵਾਰ ਵਿੱਚੋਂ ਉੱਥੇ ਦਫਨਾਇਆ ਜਾਣ ਵਾਲਾ ਆਖ਼ਰੀ ਜੀਅ ਹੋਵੇਗਾ।[5]

**ਆਇਤਾਂ 5, 6.** ਯੂਸੁਫ਼ ਨੇ ਆਪਣੇ ਪਿਤਾ ਦੇ ਕਨਾਨ ਵਿਚ ਦਫਨਾਏ ਜਾਣ ਦੀ ਲੋੜ ਸੰਬੰਧੀ ਠੋਸ ਦਲੀਲ ਦਿੱਤੀ ਸੀ। ਉਸ ਦੀ ਬੇਨਤੀ ਇਹ ਸੀ ਕਿ **ਮੈਨੂੰ ਉਤਾਹਾਂ ਜਾਣ ਦਿਓ ਤਾਂਜੋ ਮੈਂ ਆਪਣੇ ਪਿਤਾ ਨੂੰ ਦੱਬਾਂ ਅਤੇ ਮੁੜ ਆਵਾਂ।** ਕਿਉਂਕਿ ਉਸ ਨੇ ਆਪਣੇ ਪਿਤਾ ਦੇ ਦਫਨਾਉਣ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਵਾਪਸ ਮਿਸਰ ਵਿਚ ਆਉਣ ਦਾ ਪੱਕਾ ਵਾਇਦਾ ਦਿੱਤਾ ਸੀ, ਫ਼ਿਰਊਨ ਨੂੰ ਪੂਰਾ ਭਰੋਸਾ ਸੀ ਕਿ ਇਸ ਵਿਚ ਕੋਈ ਧੋਖਾ ਸ਼ਾਮਲ ਨਹੀਂ ਸੀ। ਉਸ ਨੇ ਉੱਤਰ ਦਿੱਤਾ, **ਜਾਹ ਅਰ ਆਪਣੇ ਪਿਤਾ ਨੂੰ ਦੱਬ ਜਿਵੇਂ ਉਸ ਨੇ ਤੈਥੋਂ ਸੌਂਹ ਲਈ ਹੈ।**

**ਆਇਤ 7.** ਮਿਸਰ ਵਰਗੇ ਵੱਡੇ ਦੇਸ ਵਿੱਚੋਂ **ਉਸ ਦੇ ਪਿਤਾ ਨੂੰ ਦੱਬਣ** ਦੇ ਲਈ ਕਨਾਨ ਵਿਚ **ਯੂਸੁਫ਼** ਨਾਲ ਮਿਸਰ ਤੋਂ ਤਿੰਨ ਵੱਖ-ਵੱਖ ਸਮੂਹ ਬੜੀ ਧੂਮਧਾਮ ਦੇ ਨਾਲ ਗਏ। ਇਸ ਟੋਲੀ ਵਿਚ ਜਿਹੜੇ ਲੋਕ ਸ਼ਾਮਲ ਸਨ ਉਹ ਸਨ (1) **ਫ਼ਿਰਊਨ ਦੇ ਸਾਰੇ ਟਹਿਲੂਏ** (ਦਰਬਾਰ ਦੇ ਉੱਚ ਅਧਿਕਾਰੀ), (2) **ਘਰਾਣੇ ਦੇ ਸਾਰੇ ਬਜ਼ੁਰਗ** (ਦਰਬਾਰ ਦੇ ਬਾਹਰ ਕੰਮ ਕਰਨ ਵਾਲੇ ਵੱਡੇ ਸਰਕਾਰੀ ਅਫ਼ਸਰ) ਅਤੇ (3) **ਮਿਸਰ ਦੇਸ ਦੇ ਸਾਰੇ ਬਜ਼ੁਰਗ** (ਦੇਸ ਦੇ ਮੁੱਖ ਪ੍ਰਸ਼ਾਸਕ ਅਧਿਕਾਰੀ)।

**ਆਇਤ 8.** ਇਸ ਤੋਂ ਇਲਾਵਾ, **ਯੂਸੁਫ਼ ਦਾ ਸਾਰਾ ਘਰਾਣਾ** ਵੀ ਗਿਆ। ਇਸ ਗਿਣਤੀ ਵਿਚ ਸ਼ਾਇਦ ਉਸ ਦੇ ਪੁਰਸ਼ ਟਹਿਲੂਏ, ਨਾਲੇ ਉਸ ਦੇ ਭਰਾ **ਅਤੇ ਉਸ ਦੇ ਪਿਤਾ ਦਾ ਘਰਾਣਾ** ਸ਼ਾਮਲ ਸੀ। ਪਰਿਵਾਰ ਦੇ ਜੀਆਂ ਵਿੱਚੋਂ ਕੇਵਲ ਉਨ੍ਹਾਂ ਦੇ ਨਿਆਣੇ ਅਤੇ ਪਰਿਵਾਰ ਦੇ ਇੱਜੜ ਅਤੇ ਚੌਣੇ ਗੋਸ਼ਨ ਦੇਸ ਵਿੱਚ ਰਹਿ ਗਏ।

ਇਨ੍ਹਾਂ ਘਰਾਣਿਆਂ ਦੇ ਜੀਆਂ ਸੰਬੰਧੀ ਜਾਣਕਾਰੀ ਅਸਪੱਸ਼ਟ ਹੈ। ਯਾਕੂਬ ਅਤੇ ਉਸ ਦੇ ਪੁੱਤਰਾਂ ਦੇ ਬਹੁਤ ਸਾਰੇ ਅਯਾਲੀ ਅਤੇ ਆਜੜੀ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਜਾਨਵਰਾਂ ਦੀ ਦੇਖਭਾਲ ਕੀਤੀ ਸੀ ਜਦੋਂ ਭਰਾ ਦੋ ਵੱਖ-ਵੱਖ ਮੌਕਿਆਂ ਤੇ ਮਿਸਰ ਵਿੱਚੋਂ ਅੰਨ ਲੈਣ ਦੇ ਲਈ ਗਏ ਸਨ (42:3; 43:15)। ਇਹ ਕਲਪਨਾ ਕਰਨਾ ਉਚਿਤ ਹੈ ਕਿ ਇਨ੍ਹਾਂ ਨੌਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਯਾਕੂਬ ਦੇ ਪਰਿਵਾਰ ਨਾਲ ਮਿਸਰ ਵਿਚ ਜਾਣ ਦੇ ਸੱਦੇ ਨੂੰ ਬੜੀ ਉਤਸੁਕਤਾ ਨਾਲ ਕਬੂਲ ਕੀਤਾ ਹੋਵੇਗਾ। ਉਹ ਨਾ ਸਿਰਫ ਕਨਾਨ ਵਿਚ ਪਏ ਕਾਲ ਦੇ ਕਾਰਣ ਉਨ੍ਹਾਂ ਦੇ ਬੁਰੇ ਭਵਿੱਖ ਤੋਂ ਬਚੇ ਹੋਣਗੇ, ਪਰ ਉਨ੍ਹਾਂ ਕੋਲ ਮਿਸਰ ਦੇ ਪ੍ਰਧਾਨ ਮੰਤਰੀ ਦੇ ਪਿਤਾ ਅਤੇ ਭਰਾਵਾਂ ਦੇ ਨੌਕਰਾਂ ਦੇ ਤੌਰ ਤੇ ਕਾਮਯਾਬ ਹੋਣ ਦਾ ਮੌਕਾ ਵੀ ਹੋਵੇਗਾ।

**ਆਇਤ 9.** ਅੰਤ ਵਿਚ, ਫ਼ਿਰਊਨ ਨੇ ਇਸ ਸਫਰ ਵਿਚ ਯਾਕੂਬ ਦੇ ਪਰਿਵਾਰ,[6] ਰਾਜੇ ਦੇ ਉੱਚ-ਅਧਿਕਾਰੀਆਂ ਅਤੇ ਉਸ ਦੇ ਪ੍ਰਸ਼ਾਸਕ ਅਧਿਕਾਰੀਆਂ ਦੀ ਰੱਖਿਆ ਕਰਨ ਦੇ ਲਈ ਉਨ੍ਹਾਂ ਦੇ ਨਾਲ **ਰਥ ਵੀ ਅਤੇ ਅਸਵਾਰ** ਘੱਲੇ। ਉਹ ਸਭ ਲੋਕ ਜਿਹੜੇ ਕਨਾਨ ਨੂੰ ਗਏ ਉਨ੍ਹਾਂ ਸਭਨਾਂ ਨੂੰ ਮਿਲਾ ਕੇ **ਅੱਤ ਵੱਡੀ ਭੀੜ ਹੋ ਗਈ**। ਜੌਨ ਟੀ. ਵਿਲੀਜ ਨੇ ਟਿੱਪਣੀ ਕੀਤੀ ਹੈ ਕਿ ਇਹ ਵਰਣਨ "ਮਿਸਰੀ ਕਬਰਾਂ ਤੇ ਬਣੀਆਂ ਉਨ੍ਹਾਂ ਤਸਵੀਰਾਂ ਦੀ ਯਾਦ ਦਿਵਾਉਂਦਾ ਹੈ ਜੋ ਫ਼ਿਰਊਨਾਂ ਅਤੇ ਰਾਜ ਦੇ ਉੱਚ-ਅਧਿਕਾਰੀਆਂ ਦੇ ਲਈ ਜਨਾਜ਼ੇ ਦੇ ਵਿਸਤ੍ਰਿਤ ਜਲੂਸਾਂ ਨੂੰ ਦਰਸਾਉਂਦਾ ਹੈ।"[7] ਯਾਕੂਬ ਨੂੰ

ਮਿਸਰੀਆਂ ਦੁਆਰਾ ਇਹੋ ਜਿਹਾ ਆਦਰ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਉਹ ਯੂਸੁਫ਼ ਅਰਥਾਤ ਮਿਸਰ ਦੇ ਪ੍ਰਧਾਨ ਮੰਤਰੀ ਦਾ ਪਿਤਾ ਸੀ।

**ਆਇਤ 10.** ਜਦੋਂ ਉਹ ਪੱਛਮ ਦੀ ਵੱਲ ਗਏ, ਸਮੂਹ ਨੇ ਦੱਖਣੀ ਕਨਾਨ ਨੂੰ ਜਾਣ ਲਈ ਮੁੱਖ ਕਾਰਵਾਂ ਮਾਰਗ ਤੇ ਸੀਨਈ ਦੇ ਦੱਖਣੀ ਹਿੱਸੇ ਨੂੰ ਪਾਰ ਕੀਤਾ ਅਤੇ **ਓਹ ਆਤਾਦ ਦੇ ਪਿੜ ਤੀਕ ਆਏ ਜਿਹੜਾ ਯਰਦਨ ਪਾਰ ਹੈ**। ਪਛਾਣਨ ਵਾਲੇ ਸ਼ਬਦ אָטָד (*ਆਤਾਦ)* ਦਾ ਅਰਥ ਹੈ "ਝਾੜੀ" ਜਾਂ "ਕੰਡੇ ਵਾਲੀ ਝਾੜੀ" (ਵੇਖੋ ਨਿਆਈਆਂ 9:14, 15; ਜ਼ਬੂਰ 58:9)।[8] ਵਿਲੱਖਣ ਝਾੜੀਆਂ ਪਿੜ ਵਾਲੀ ਥਾਂ ਤੇ ਵੱਧ ਗਈਆਂ ਹੋਣੀਆਂ, ਪਰ ਅੱਜ ਅਜਿਹੀ ਕੋਈ ਥਾਂ ਨਹੀਂ ਪਛਾਣੀ ਜਾ ਸਕਦੀ। ("ਯਰਦਨ ਪਾਰ" ਵਾਕ ਦੇ ਲਈ 50:11 ਤੇ ਟਿੱਪਣੀਆਂ ਵੇਖੋ।)

ਲਿਖਤ ਦੱਸਦੀ ਹੈ ਕਿ ਉਸ ਟੋਲੀ ਨੇ ਉੱਥੇ ਰੁੱਕ ਕੇ **ਸੱਤ ਦਿਨ ਅੱਤ ਭਾਰੀ ਅਤੇ ਡਾਢਾ ਵਿਰਪਾਲ ਕੀਤਾ ਅਤੇ ਬਹੁਤ ਰੋਏ** ਜਦੋਂ ਯੂਸੁਫ਼ ਨੇ **ਆਪਣੇ ਪਿਤਾ ਲਈ ਸੱਤ ਦਿਨ ਸੋਗ ਕੀਤਾ**। ਇਹ ਕਥਨ ਕਈ ਤਰ੍ਹਾਂ ਦੇ ਲਾਜ਼ਮੀ ਸਵਾਲ ਖੜ੍ਹੇ ਕਰਦਾ ਹੈ। (1) ਇਹ ਸਮੂਹ ਸੱਤ ਦਿਨ ਦਾ ਸੋਗ ਕਰਨ ਦੇ ਲਈ ਇੱਥੇ ਕਿਉਂ ਰੁਕੇਗਾ, ਜਦ ਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਮਿਸਰ ਵਿਚ ਪਹਿਲਾਂ ਹੀ ਸੱਤਰ ਦਿਨਾਂ ਦਾ ਸੋਗ ਕੀਤਾ ਸੀ (50:3)? (2) ਕੀ ਉਨ੍ਹਾਂ ਵਿੱਚੋਂ ਕੁਝ ਲੋਕ ਇੰਨੇ ਜ਼ਿਆਦਾ ਥੱਕੇ ਹੋਏ ਸਨ ਕਿ ਉਹ ਬਿਨਾਂ ਅਰਾਮ ਕੀਤੇ ਅੱਗੇ ਦਾ ਸਫਰ ਨਹੀਂ ਸੀ ਕਰ ਸਕਦੇ? (3) ਕੀ ਉਨ੍ਹਾਂ ਵਿੱਚੋਂ ਕੁਝ ਲੋਕਾਂ ਦੇ ਤਪਦੀ ਹੋਈ ਧੁੱਪ ਵਿਚ ਮਿਸਰ ਤੋਂ ਕਨਾਨ ਨੂੰ ਜਾਂਦਿਆਂ ਸੀਨਈ ਉਜਾੜ ਵਿੱਚੋਂ 160 ਜਾਂ ਇਸ ਤੋਂ ਵੱਧ ਮੀਲਾਂ ਦਾ ਸਫਰ ਕਰਦੇ-ਕਰਦੇ ਸਰੀਰਾਂ ਵਿਚ ਪਾਣੀ ਦੀ ਕਮੀ ਹੋ ਗਈ ਸੀ? (4) ਜੇਕਰ ਇਸ ਤਰ੍ਹਾਂ ਹੁੰਦਾ, ਤਾਂ ਕੀ ਉਨ੍ਹਾਂ ਨੂੰ ਹਬਰੋਨ ਨੂੰ ਜਾਣ ਦੇ ਲਈ ਹੋਰ ਚਾਲੀ ਜਾਂ ਪੰਜਤਾਲੀ ਮੀਲਾਂ ਦਾ ਸਫਰ ਕਰਨ ਦੇ ਲਈ ਆਪਣੇ ਸਰੀਰਾਂ ਵਿਚ ਪਾਣੀ ਦੀ ਕਮੀ ਨੂੰ ਦੂਰ ਕਰਨ ਦੇ ਲਈ ਇਕ ਹਫ਼ਤਾ ਲੱਗਣਾ ਸੀ? ਇਹ ਥਾਂ ਜਿੱਥੇ ਯੂਸੁਫ਼ ਅਤੇ ਉਹ ਵੱਡਾ ਜਲੂਸ ਜਾ ਕੇ ਰੁਕਿਆ ਇਕ ਕਿਸਮ ਦੀ ਸੁਖਦਾਇਕ ਥਾਂ ਸੀ ਜਿੱਥੇ ਉਨ੍ਹਾਂ ਨੂੰ ਛਾਂ, ਪਾਣੀ ਅਤੇ ਥੱਕੇ ਹੋਏ ਮੁਸਾਫਰਾਂ ਨੂੰ ਅਰਾਮ ਕਰਨ ਦਾ ਮੌਕਾ ਮਿਲਿਆ।

ਯੂਸੁਫ਼ ਅਤੇ ਉਸ ਦੀ ਟੋਲੀ ਦੇ ਲਈ ਰੁਕਣ ਦੀਆਂ ਥਾਵਾਂ ਦੇ ਰੂਪ ਵਿਚ ਕਈ ਥਾਵਾਂ ਦਾ ਸੁਝਾਅ ਦਿੱਤਾ ਗਿਆ ਹੈ, ਪਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਥਾਂ ਸੰਭਵ ਤੌਰ ਤੇ ਟੈਲ ਏਲ ਅਜੁੱਲ ਸੀ।[9] ਇਹ ਮਿਸਰ ਤੋਂ ਕਨਾਨ ਨੂੰ ਜਾਂਦਿਆਂ ਮੁੱਖ ਤੱਟ ਉੱਤੇ ਵੱਸਿਆ ਇਕ ਮਿਸਰੀ ਸ਼ਹਿਰ ਸੀ ਜੋ ਕਿ ਗਾਜ਼ਾ ਦੇ ਦੱਖਣੀ-ਪੱਛਮ ਵੱਲ ਲਗਭਗ ਚਾਰ ਮੀਲ ਦੀ ਦੂਰੀ ਤੇ ਸੀ। ਇਹ ਉਹ ਸ਼ਹਿਰ ਸੀ ਜਿੱਥੇ ਮਿਸਰ ਅਤੇ ਮਸੋਪੋਤਾਮੀਆ ਦੇ ਵਿਚਕਾਰ ਇਸ ਜ਼ਰੂਰੀ ਵਪਾਰਕ ਰਸਤੇ ਦੇ ਪੱਛਮੀ ਹਿੱਸੇ ਨੂੰ ਖੁੱਲ੍ਹਾ ਰੱਖਣ ਅਤੇ ਦੱਖਣੀ ਕਨਾਨ ਵਿਚ ਕਾਫਿਲਿਆਂ ਦੇ ਲਈ ਸੁਰੱਖਿਆ ਪ੍ਰਦਾਨ ਕਰਨ ਦੇ ਲਈ ਮਿਸਰੀ ਸਿਪਾਹੀਆਂ ਨੂੰ ਰੱਖਿਆ ਗਿਆ ਸੀ।

ਯੂਸੁਫ਼, ਉਸ ਦੇ ਪਰਿਵਾਰ ਅਤੇ ਸਰਕਾਰੀ ਉੱਚ-ਅਧਿਕਾਰੀਆਂ ਦੇ ਨਾਲ ਯਾਕੂਬ ਨੂੰ ਦਫਨਾਉਣ ਦੇ ਲਈ ਹਬਰੋਨ ਨੂੰ ਜਾਣ ਦੀ ਬਜਾਇ, ਕੁਝ ਲੇਖਕ ਇਹ ਸੁਝਾਅ ਦਿੰਦੇ ਹਨ ਕਿ ਮਿਸਰੀ ਸਿਪਾਹੀ ਸ਼ਹਿਰ ਦੀ ਸਰਹੱਦ ਤੇ ਹੀ ਰਹਿ ਗਏ ਹੋਣਗੇ ਕਿ ਕਿਤੇ ਕਨਾਨੀਆਂ ਨੂੰ ਇਹ ਚਿੰਤਾ ਨਾ ਪੈ ਜਾਵੇ ਕਿ ਪਰਦੇਸੀ ਲੋਕਾਂ ਦੀ ਫੌਜ ਉਨ੍ਹਾਂ ਦੇ ਦੇਸ ਵਿਚ ਕਿਉਂ ਆਈ ਹੈ। ਪਰ, ਸਪੱਸ਼ਟ ਰੂਪ ਵਿਚ ਇਹ ਦੁਸ਼ਮਣ ਫੌਜ ਨਹੀਂ ਸੀ, ਕਿਉਂਕਿ ਗੈਰ-ਲੜਾਕੂ ਨਾਗਰਿਕਾਂ ਦੀ ਗਿਣਤੀ ਸ਼ਾਇਦ ਫੌਜ ਦੇ ਮਾਗਰ ਰੱਖਿਅਕਾਂ ਨਾਲੋਂ ਜ਼ਿਆਦਾ ਸੀ।

**ਆਇਤ 11.** ਕਿਉਂਕਿ ਟੈਲ ਏਲ ਅਜੁੱਲ ਲਗਭਗ ਪ੍ਰਾਚੀਨ ਕਨਾਨ ਦੀ ਸਰਹੱਦ ਤੇ ਸੀ, ਇਹ ਸਾਫ਼ ਹੈ ਕਿ **ਦੇਸ ਦੇ ਰਹਿਣ ਵਾਲੇ** ਕਨਾਨੀਆਂ ਨੇ ਇਸ ਵੱਡੇ ਜਲੂਸ ਨੂੰ ਆਉਂਦਾ ਵੇਖਿਆ ਅਤੇ ਹੈਰਾਨ ਸਨ ਕਿ ਇਸ ਦਾ ਅਰਥ ਕੀ ਹੈ। ਪਰ, ਥੋੜ੍ਹੀ ਦੇਰ ਬਾਅਦ ਹੀ **ਕਨਾਨੀਆਂ ਨੇ ਸੋਗ**

**ਨੂੰ** ਡਿੱਠਾ ਜੋ ਉਹ **ਆਤਾਦ ਦੇ ਪਿੜ ਵਿੱਚ** ਕਰ ਰਹੇ ਸਨ ਅਤੇ ਆਖਿਆ, **ਮਿਸਰੀਆਂ ਦਾ ਏਹ ਭਾਰੀ ਸੋਗ ਹੈ।** ਨਤੀਜੇ ਵਜੋਂ, ਉਸ ਥਾਂ ਦਾ **ਨਾਉਂ ਆਬੇਲ ਮਿਸਰਾਈਮ ਰੱਖਿਆ ਗਿਆ।**

ਇਬਰਾਨੀ ਸ਼ਬਦ אֵבֶל (*ਏਬੇਲ)* ਦੇ ਜੋੜ ਤੋੜ ਦੇ ਕਾਰਣ ਖਾਸ ਕਰਕੇ ਉਪਰੋਕਤ ਵਰਣਨ ਬਹੁਤ ਹੀ ਦਿਲਚਸਪ ਹੈ, ਜਿਸ ਦਾ ਅਰਥ ਹੈ "ਸੋਗ" ਅਤੇ "ਆਬੇਲ ਮਿਸਰਾਈਮ" ਵਿਚ אָבֵל ( *ਆਬੇਲ)* ਸ਼ਬਦ ਦਾ ਅਰਥ "ਮਿਸਰ ਦੀ [ਸੋਗ ਦੇ ਲਈ] ਚਰਾਗਾਹ"[10] ਹੋ ਸਕਦਾ ਹੈ। ਹਾਲ ਹੀ ਵਿਚ ਇਹ ਪ੍ਰਸਤਾਵ ਦਿੱਤਾ ਗਿਆ ਹੈ ਕਿ *ਆਬੇਲ* ਦਾ ਅਰਥ "ਦਰਿਆ" ਜਾਂ "ਨਦੀ"[11] ਹੁੰਦਾ ਹੈ। ਸ਼ਬਦ ਦੇ ਸੰਖੇਪ ਅਰਥ ਦੇ ਬਾਵਜੂਦ, ਇਹ ਪ੍ਰਤੀਤ ਹੁੰਦਾ ਹੈ ਕਿ ਇਹ ਉਹ ਥਾਂ ਹੋਵੇਗਾ ਜਿੱਥੇ ਤਾਜ਼ਾ ਪਾਣੀ ਹੋਵੇਗਾ, ਜਿੱਥੇ ਮਿਸਰ ਤੋਂ ਆਉਣ ਵਾਲਾ ਥੱਕਿਆ ਹੋਇਆ ਦਲ ਰੁਕ ਸਕਦਾ ਸੀ, ਅਰਾਮ ਕਰ ਸਕਦਾ ਸੀ ਅਤੇ ਸੋਗ ਦੇ ਸੱਤ ਦਿਨ ਬਿਤਾ ਸਕਦਾ ਸੀ।

50:10, 11 ਦੀ ਸਪੱਸ਼ਟ ਸਮਝ ਨੂੰ ਰੱਦ ਕਰਨ ਦੇ ਲਈ ਟਿੱਪਣੀਕਾਰਾਂ ਜੋ ਮੁੱਖ ਕਾਰਣ ਦਿੱਤਾ ਹੈ ਉਹ ਕਹਾਣੀਕਾਰ ਦੇ ਇਸ ਕਥਨ ਤੇ ਅਧਾਰਿਤ ਹੈ ਕਿ ਉਹ ਥਾਂ ਜਿੱਥੇ ਮਿਸਰੀ ਲੋਕਾਂ ਨੇ ਸੱਤ ਦਿਨ ਸੋਗ ਕੀਤਾ ਸੀ **ਯਰਦਨ**[12] **ਪਾਰ** ਸੀ। ਉਨ੍ਹਾਂ ਦੀ ਵਿਆਖਿਆ ਦਾ ਅਰਥ ਇਹ ਹੈ ਕਿ ਇਹ ਥਾਂ "ਯਰਦਨ ਨਦੀ ਦੇ ਚੜ੍ਹਦੇ ਪਾਸੇ ਸੀ।" ਇਹ ਧਾਰਣਾ ਸੁਭਾਵਕ ਤੌਰ ਤੇ ਮੰਨੀ ਜਾਂਦੀ ਹੈ ਜੇਕਰ ਕੋਈ ਇਹ ਧਾਰਣਾ ਸਵੀਕਾਰ ਕਰਦਾ ਹੈ ਕਿ ਉਤਪਤ ਦਾ ਲੇਖਕ ਇਸਰਾਏਲ ਦੇ ਬਾਅਦ ਵਾਲੇ ਦ੍ਰਿਸ਼ਟੀਕੋਣ ਤੋਂ ਘਟਨਾਵਾਂ ਦਾ ਵਰਣਨ ਕਰ ਰਿਹਾ ਸੀ, ਜਿਹੜਾ ਕਿ ਯਰਦਨ ਦੇ ਪੱਛਮ ਵਿਚ ਹੋਵੇਗਾ। ਜੇਕਰ ਇਹ ਵਿਚਾਰ ਸਹੀ ਹੈ, ਤਾਂ ਜਦੋਂ ਯੂਸੁਫ਼ ਅਤੇ ਉਸ ਦੀ ਟੋਲੀ ਕਨਾਨ ਦੀ ਦੱਖਣੀ ਸੀਮਾ ਤੇ ਪਹੁੰਚੀ, ਹਬਰੋਨ ਦੇ ਉੱਤਰ-ਪੂਰਬ ਵੱਲ ਨੂੰ ਹੋਰ ਚਾਲੀ ਜਾਂ ਪੰਜਤਾਲੀ ਮੀਲ ਜਾਣ ਦੀ ਬਜਾਇ, ਉਹ ਖਾਰਾ ਸਮੁੰਦਰ ਦੇ ਦੱਖਣੀ ਬੰਨੇ ਦੇ ਆਲੇ-ਦੁਆਲੇ ਕਨਾਨ ਦੇ ਪੂਰਬੀ ਅਤੇ ਦੱਖਣੀ ਪਾਸੇ ਵੱਲ ਗਏ ਹੋਣਗੇ। ਉੱਥੋਂ, ਉਨ੍ਹਾਂ ਨੇ ਸ਼ਾਇਦ ਰਾਜੇ ਦੇ ਰਾਜ ਮਾਰਗ ਦਾ ਰਸਤਾ ਲਿਆ ਅਤੇ ਸਾਗਰ ਦੇ ਉੱਤਰੀ ਬੰਨੇ ਤੋਂ ਪਾਰ ਉੱਤਰ ਦੀ ਵੱਲ ਨੂੰ ਗਏ, ਜਿੱਥੇ ਯਰਦਨ ਨਦੀ ਵਹਿੰਦੀ ਸੀ। ਫਿਰ, ਇਸ ਦ੍ਰਿਸ਼ ਦੇ ਅਨੁਸਾਰ, ਯਰਦਨ ਨਦੀ ਦੇ ਕਿਸੇ ਨਾ ਕਿਸੇ ਚੜ੍ਹਦੇ ਪਾਸੇ ਵਿਚ ਉਹ "ਆਤਾਦ ਦੇ ਪਿੜ" ਵਿਚ ਪਹੁੰਚੇ ਅਤੇ ਸੱਤ ਦਿਨ ਸੋਗ ਕੀਤਾ। ਸੋਗ ਦੇ ਉਸ ਸਮੇਂ ਤੋਂ ਬਾਅਦ, ਉਹ ਲਹਿੰਦੇ ਵੱਲ ਗਏ ਅਤੇ ਯਰਦਨ ਨਦੀ ਪਾਰ ਕੀਤੀ। ਫਿਰ ਉਨ੍ਹਾਂ ਨੇ ਆਪਣੇ ਸਫਰ ਦਾ ਸਭ ਤੋਂ ਮੁਸ਼ਕਲ ਹਿੱਸਾ ਸ਼ੁਰੂ ਕੀਤਾ, ਜਦੋਂ ਉਹ ਸਮੁੰਦਰੀ ਪੱਧਰ[13] ਤੋਂ ਲਗਭਗ 1,200 ਫੁੱਟ ਹੇਠੋਂ ਤਪਦੇ ਅਤੇ ਸੁੰਨ ਉਜਾੜ ਵਿੱਚੋਂ ਦੀ ਹੁੰਦੇ ਹੋਏ ਕਈ ਹਜ਼ਾਰ ਫੁੱਟ ਦੀ ਚੜ੍ਹਾਈ ਚੜ੍ਹੇ ਜੋ ਕਿ ਸ਼ਾਲੇਮ (ਬਾਅਦ ਵਿਚ, ਯਰੂਸ਼ਲਮ; 14:18; ਜ਼ਬੂਰ 76:2) ਦੇ ਨੇੜੇ ਚੜ੍ਹਦੀ ਸੀ। ਉੱਥੋਂ, ਉਨ੍ਹਾਂ ਨੂੰ ਮੁੜ ਕੇ ਹਬਰੋਨ ਤੱਕ ਪਹੁੰਚਣ ਦੇ ਲਈ ਇਸ ਵਲਾਵੇਂਦਾਰ ਰਸਤੇ ਨੂੰ ਪੂਰਾ ਕਰਨ ਦੇ ਲਈ ਲਗਭਗ ਪੰਜੀ ਮੀਲ ਦੱਖਣੀ-ਪੱਛਮ ਦੀ ਵੱਲ ਜਾਣਾ ਪਿਆ ਸੀ, ਜਿੱਥੇ ਉਨ੍ਹਾਂ ਨੇ ਸੁਗੰਧੀਆਂ ਨਾਲ ਭਰੀ ਯਾਕੂਬ ਦੀ ਲਾਸ਼ ਨੂੰ ਦੱਬਣਾ ਸੀ।

ਕੀ ਯੂਸੁਫ਼ ਮਿਸਰ ਤੋਂ ਹਬਰੋਨ ਵਿਚ ਪਹੁੰਚਣ ਦੇ ਲਈ ਇਹੋ ਜਿਹੇ ਲੰਬੇ, ਮੁਸ਼ਕਲ ਅਤੇ ਘੱਟੋ-ਘੱਟ 330 ਮੀਲਾਂ ਦੇ ਵਲਾਵੇਂਦਾਰ ਰਸਤੇ ਨੂੰ ਚੁਣੇਗਾ ਜਦ ਕਿ ਉਨ੍ਹਾਂ ਦੇ ਕੋਲ ਇਸ ਨਾਲੋਂ ਵੀ ਬਿਹਤਰ ਵਿਕਲਪ ਮੌਜੂਦ ਸੀ? ਟੈਲ ਏਲ ਅਜੁੱਲ ਤੋਂ ਹਬਰੋਨ ਨੂੰ ਜਾਣ ਵਾਲਾ ਸਿੱਧਾ ਰਸਤਾ ਤਪਦੀ ਗਰਮੀ ਵਿਚ ਸਭ ਤੋਂ ਜ਼ਿਆਦਾ ਅਸਾਨ ਸਫਰ ਰਿਹਾ ਹੋਵੇਗਾ ਅਤੇ ਇਸ ਨੇ ਯੂਸੁਫ਼ ਦੀ ਇਸ ਟੋਲੀ ਦਾ ਲਗਭਗ 130 ਮੀਲਾਂ ਦਾ ਸਫਰ ਘੱਟ ਕਰ ਦਿੱਤਾ ਹੋਵੇਗਾ। ਲਿਖਤ ਇਸ ਛੋਟੇ ਰਸਤੇ ਦੇ ਲਈ ਇਜਾਜ਼ਤ ਦਿੰਦੀ ਹੈ, ਕਿਉਂਕਿ "ਯਰਦਨ ਪਾਰ" ਵਾਕ ਇਕ ਵਿਆਪਕ ਨਾਮ ਹੈ। ਬੁਲਾਰੇ ਦੇ ਦ੍ਰਿਸ਼ਟੀਕੋਣ ਤੇ ਨਿਰਭਰ ਕਰਦਿਆਂ, ਇਹ ਜਾਂ ਤਾਂ ਯਰਦਨ ਦੇ ਚੜ੍ਹਦੇ ਪਾਸੇ ਜਾਂ ਲਹਿੰਦੇ ਪਾਸੇ ਦਾ ਹਵਾਲਾ ਦੇ ਸਕਦਾ ਹੈ (ਵੇਖੋ ਬਿਵਸਥਾ ਸਾਰ 1:1; 3:20, 25; 11:30)।

ਜਦੋਂ ਯਹੋਸ਼ੁਆ ਦੀ ਪੁਸਤਕ ਦੇ ਲੇਖਕ ਨੇ "ਯਰਦਨ ਪਾਰ" ਮੂਸਾ ਅਤੇ ਯਹੋਸ਼ੁਆ ਦੀਆਂ ਜਿੱਤਾਂ ਦਾ ਖੁਲਾਸਾ ਕੀਤਾ, ਉਸ ਨੇ ਪਹਿਲਾਂ ਉਸ ਜ਼ਮੀਨ ਦਾ ਵਰਣਨ ਕੀਤਾ ਸੀ ਜਿਸ ਤੇ ਉਨ੍ਹਾਂ ਨੇ ਯਰਦਨ ਦੇ "ਚੜ੍ਹਦੇ" ਪਾਸੇ ਕਬਜ਼ਾ ਕੀਤਾ ਸੀ (ਯਹੋਸ਼ੁਆ 12:1) ਅਤੇ ਫਿਰ ਉਸ ਜ਼ਮੀਨ ਦਾ ਵਰਣਨ ਕਰਨ ਦੇ ਲਈ ਜਿਸ ਤੇ ਉਨ੍ਹਾਂ ਨੇ ਯਰਦਨ ਦੇ ਲਹਿੰਦੇ ਪਾਸੇ ਕਬਜ਼ਾ ਕੀਤਾ "ਯਰਦਨ ਪਾਰ" ਸ਼ਬਦ ਦੀ ਵਰਤੋਂ ਕੀਤੀ ਸੀ (ਯਹੋਸ਼ੁਆ 12:7)। ਇਸ ਲਈ, ਇਹ ਕਹਿਣਾ ਇਕ ਦਿਖਾਵਟੀ ਦਲੀਲ ਹੈ ਕਿ ਸਿਰਫ ਇਸ ਕਰਕੇ ਕਿਉਂਕਿ ਕਹਾਣੀ ਬਿਆਨ ਕਰਨ ਵਾਲੇ ਨੇ ਇਸ ਥਾਂ ਦਾ "ਯਰਦਨ ਪਾਰ"[14] ਵਜੋਂ ਵਰਣਨ ਕੀਤਾ ਹੈ, ਯਰਦਨ ਦੇ ਲਹਿੰਦੇ ਵੱਲ ਕਿਸੇ ਵੀ ਥਾਂ ਨੂੰ ਉਸ ਥਾਂ ਵਜੋਂ ਰੱਦ ਨਹੀਂ ਕੀਤਾ ਜਾਣਾ ਚਾਹੀਦਾ ਜਿੱਥੇ ਯੂਸੁਫ਼ ਅਤੇ ਉਸ ਦੀ ਟੋਲੀ ਨੇ ਸੱਤ ਦਿਨ ਸੋਗ ਕੀਤਾ।

**ਆਇਤਾਂ 12, 13.** ਇੱਥੇ ਆ ਕੇ, ਯਾਕੂਬ ਦੇ ਪੁੱਤ੍ਰਾਂ ਦੀ ਇਸ ਵਿਰਤਾਂਤ ਵਿਚ ਦੁਬਾਰਾ ਜਾਣ-ਪਛਾਣ ਕਰਾਈ ਗਈ ਹੈ, ਇਹ ਕਹਿੰਦੇ ਹੋਏ ਕਿ ਉਨ੍ਹਾਂ ਨੇ **ਓਵੇਂ ਕੀਤਾ ਜਿਵੇਂ ਉਸ ਨੇ ਉਨ੍ਹਾਂ ਨੂੰ ਆਗਿਆ ਦਿੱਤੀ ਸੀ** (ਵੇਖੋ 25:9; 35:29)। ਆਪਣੀ ਮੌਤ ਦੇ ਸਮੇਂ ਨੂੰ ਨੇੜੇ ਆਉਂਦਿਆਂ ਵੇਖ ਕੇ, ਯਾਕੂਬ ਨੇ ਯੂਸੁਫ਼ (47:29-31) ਅਤੇ ਉਸ ਦੇ ਪੁੱਤਰਾਂ ਨੂੰ ਉਸ ਦੀ ਦੇਹ ਨੂੰ **ਕਨਾਨ ਦੇ ਦੇਸ** ਵਿਚ ਲਿਜਾ ਕੇ ਇਸ ਨੂੰ **ਮਮਰੇ ਦੇ ਅੱਗੇ ਮਕਫੇਲਾਹ ਦੀ ਪੈਲੀ ਦੀ ਗੁਫਾ ਵਿੱਚ** ਦੱਬਣ ਦੀ ਆਗਿਆ ਦਿੱਤੀ ਸੀ (ਵੇਖੋ 49:29-32)। ਬੇਸ਼ੱਕ, ਇਹ ਉਸ ਜ਼ਮੀਨ ਦਾ ਹਿੱਸਾ ਸੀ ਜਿਹੜਾ **ਅਬਰਾਹਾਮ ਨੇ ਅਫਰੋਨ ਹਿੱਤੀ ਤੋਂ ਕਬਰ ਦੀ ਮਿਲਖ ਲਈ ਮੁੱਲ ਲਿਆ ਸੀ** (23:1-20)।

**ਆਇਤ 14.** ਯਾਕੂਬ ਦੀ ਆਗਿਆ ਨੂੰ ਪੂਰਾ ਕਰਨ ਅਤੇ ਉਸ ਦੀ ਦੇਹ ਨੂੰ ਦਫਨਾਉਣ **ਉਪਰੰਤ**, ਫ਼ਿਰਊਨ ਨੂੰ ਦਿੱਤੇ ਵਾਇਦੇ ਅਨੁਸਾਰ **ਯੂਸੁਫ਼ ਆਪ ਅਤੇ ਉਸ ਦੇ ਭਰਾ ਅਰ ਸਭ** [ਮਿਸਰੀ ਲੋਕ] **ਜਿਹੜੇ ਉਸ ਦੇ ਨਾਲ ਉਸ ਦੇ ਪਿਤਾ ਨੂੰ ਦੱਬਣ ਲਈ ਗਏ ਸਨ ਮਿਸਰ ਨੂੰ ਮੁੜ ਆਏ**।

## ਯੂਸੁਫ਼ ਦਾ ਆਖ਼ਰੀ ਸਮਾਂ (50:15-26)

### ਯੂਸੁਫ਼ ਦੁਆਰਾ ਆਪਣੇ ਭੈਭੀਤ ਭਰਾਵਾਂ ਨੂੰ ਮੁੜ ਤਸੱਲੀ ਦੇਣਾ (50:15-21)

**15ਜਾਂ ਯੂਸੁਫ਼ ਦੇ ਭਰਾਵਾਂ ਨੇ ਵੇਖਿਆ ਕਿ ਸਾਡਾ ਪਿਤਾ ਮਰ ਗਿਆ ਹੈ ਤਾਂ ਉਨ੍ਹਾਂ ਨੇ ਆਖਿਆ ਕਿ ਸ਼ਾਇਤ ਯੂਸੁਫ਼ ਸਾਡੇ ਨਾਲ ਵੈਰ ਕਰੇਗਾ ਅਤੇ ਉਹ ਸਾਥੋਂ ਸਾਡੀ ਬੁਰਿਆਈ ਦਾ ਬਦਲਾ ਜਿਹੜੀ ਅਸਾਂ ਉਹ ਦੇ ਨਾਲ ਕੀਤੀ ਹੈ ਜ਼ਰੂਰ ਲਵੇਗਾ। 16ਤਾਂ ਉਨ੍ਹਾਂ ਨੇ ਯੂਸੁਫ਼ ਨੂੰ ਐਉਂ ਆਖ ਘੱਲਿਆ ਭਈ ਤੁਹਾਡੇ ਪਿਤਾ ਨੇ ਆਪਣੀ ਮੌਤ ਤੋਂ ਪਹਿਲਾਂ ਏਹ ਆਗਿਆ ਦਿੱਤੀ ਸੀ 17ਭਈ ਤੁਸੀਂ ਯੂਸੁਫ਼ ਨੂੰ ਐਉਂ ਆਖਣਾ ਕਿ ਦਯਾ ਕਰ ਕੇ ਆਪਣੇ ਭਰਾਵਾਂ ਦੇ ਅਪਰਾਧ ਅਤੇ ਉਨ੍ਹਾਂ ਦੇ ਪਾਪ ਮਾਫ ਕਰ ਦੇਹ ਕਿਉਂਜੋ ਉਨ੍ਹਾਂ ਨੇ ਤੁਹਾਡੇ ਨਾਲ ਬੁਰਿਆਈ ਕੀਤੀ। ਸੋ ਹੁਣ ਤੁਸੀਂ ਆਪਣੇ ਪਿਤਾ ਦੇ ਪਰਮੇਸ਼ੁਰ ਦੇ ਦਾਸਾਂ ਦੇ ਅਪਰਾਧ ਮਾਫ ਕਰ ਦਿਓ। ਤਾਂ ਯੂਸੁਫ਼ ਉਨ੍ਹਾਂ ਦੀਆਂ ਗੱਲਾਂ ਉੱਤੇ ਰੋ ਪਿਆ। 18ਤਾਂ ਉਸ ਦੇ ਭਰਾ ਵੀ ਉਸ ਦੇ ਅੱਗੇ ਜਾਕੇ ਡਿੱਗ ਪਏ ਅਤੇ ਉਨ੍ਹਾਂ ਨੇ ਆਖਿਆ, ਵੇਖੋ ਅਸੀਂ ਤੁਹਾਡੇ ਦਾਸ ਹਾਂ। 19ਪਰ ਯੂਸੁਫ਼ ਨੇ ਉਨ੍ਹਾਂ ਨੂੰ ਆਖਿਆ, ਨਾ ਡਰੋ। ਭਲਾ, ਮੈਂ ਪਰਮੇਸ਼ੁਰ ਦੇ ਥਾਂ ਹਾਂ? 20ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈ ਦਾ ਦਾਈਆ ਕੀਤਾ ਪਰ ਪਰਮੇਸ਼ੁਰ ਨੇ ਉਸ ਨੂੰ ਭਲਿਆਈ ਦਾ ਦਾਈਆ ਬਣਾਇਆ ਤਾਂਜੋ ਬਹੁਤ ਸਾਰੇ ਲੋਕਾਂ ਨੂੰ ਜੀਉਂਦਾ ਰੱਖੇ ਜਿਵੇਂ ਏਸ ਵੇਲੇ ਹੋਇਆ ਹੈ। 21ਹੁਣ ਤੁਸੀਂ ਨਾ ਡਰੋ। ਮੈਂ ਤੁਹਾਡੀ ਅਤੇ ਤੁਹਾਡੇ ਨੀਂਗਰਾਂ ਦੀ ਪਾਲਣਾ ਕਰਾਂਗਾ। ਸੋ ਉਸ ਨੇ ਉਨ੍ਹਾਂ ਨੂੰ ਧੀਰਜ ਦਿੱਤੀ ਅਤੇ ਉਨ੍ਹਾਂ ਨੇ ਦਿਲਾਸਾ ਪਾਇਆ।**

**ਆਇਤ 15.** ਯਾਕੂਬ ਨੂੰ ਦੱਬ ਕੇ ਆਉਣ ਤੋਂ ਬਾਅਦ, **ਯੂਸੁਫ਼ ਦੇ ਭਰਾਵਾਂ**[15] ਨੇ ਇਸ ਤੱਥ

ਬਾਰੇ ਸੋਚਿਆ ਕਿ **ਉਨ੍ਹਾਂ ਦਾ ਪਿਤਾ ਮਰ ਗਿਆ ਹੈ**। ਹੁਣ ਉਨ੍ਹਾਂ ਨੇ ਉਸ ਦੀ ਮੌਜੂਦਗੀ ਦੀ ਸੁਰੱਖਿਆ ਮਹਿਸੂਸ ਨਹੀਂ ਕੀਤੀ। ਦਰਅਸਲ, ਉਨ੍ਹਾਂ ਨੂੰ ਡਰ ਸੀ ਕਿ **ਯੂਸੁਫ਼** ਸ਼ਾਇਤ ਉਨ੍ਹਾਂ ਨਾਲ **ਵੈਰ ਕਰੇਗਾ** ਅਤੇ ਉਨ੍ਹਾਂ ਕੋਲੋਂ **ਉਸ ਬੁਰਿਆਈ ਦਾ ਬਦਲਾ ਲਵੇਗਾ** ਜਿਹੜੀ ਉਨ੍ਹਾਂ ਨੇ ਉਸ ਨੂੰ ਗੁਲਾਮੀ ਵਿਚ ਵੇਚ ਕੇ ਕੀਤੀ ਸੀ। ਉਨ੍ਹਾਂ ਦੀ ਗੱਲਬਾਤ ਦੀ ਜਾਣਕਾਰੀ ਦਿੰਦਿਆਂ, ਲੇਖਕ ਨੇ ਉਸੇ ਸ਼ਬਦਾਵਲੀ – "ਵੈਰ ਕਰੇਗਾ" (שׂטם, *ਸੈਟਮ)* – ਦੀ ਵਰਤੋਂ ਕੀਤੀ ਜੋ ਉਸ ਨੇ ਯਾਕੂਬ ਦੇ ਲਈ ਏਸਾਓ ਦੀ ਨਫਰਤ ਵਾਸਤੇ ਕੀਤੀ ਸੀ। ਯਾਕੂਬ ਨੇ ਅੰਨ੍ਹੇ ਇਸਹਾਕ ਨੂੰ ਧੋਖਾ ਦਿੱਤਾ ਸੀ ਅਤੇ ਆਪਣੇ ਲਈ ਉਸ ਦੇ ਦੇਹਾਂਤ ਤੋਂ ਪਹਿਲਾਂ ਮਿਲਣ ਵਾਲੀ ਅਸੀਸ ਨੂੰ ਚੁਰਾਇਆ ਸੀ। ਇਸ ਲਈ, ਜੇਠੇ ਪੁੱਤਰ ਇਸਹਾਕ ਨੇ ਆਪਣੇ ਪਿਤਾ ਦੇ ਮਰਨ ਤੋਂ ਬਾਅਦ ਯਾਕੂਬ ਨੂੰ ਜਾਨੋਂ ਮਾਰਨ ਦੀ ਯੋਜਨਾ ਬਣਾਈ ਸੀ (27:41)।

**ਆਇਤਾਂ 16, 17.** ਅਸਲ ਵਿਚ, 45 ਤੋਂ 50 ਅਧਿਆਵਾਂ ਵਿਚ ਯੂਸੁਫ਼ ਦੀਆਂ ਗੱਲਾਂ ਅਤੇ ਕੰਮ ਉਸ ਦੇ ਭਰਾਵਾਂ ਨਾਲ ਦੁਬਾਰਾ ਮੇਲ ਕਰਨ ਦੀ ਉਸ ਦੀ ਇੱਛਾ ਨੂੰ ਵਿਖਾਉਂਦੇ ਹਨ। ਉਹ ਫੇਰ ਤੋਂ ਉਨ੍ਹਾਂ ਨੂੰ ਇਕ ਪਰਿਵਾਰ ਬਣਾਉਣਾ ਚਾਹੁੰਦਾ ਸੀ। ਪਰ, ਇਹ ਪਹਿਲੀ ਵਾਰ ਹੋਇਆ ਸੀ ਕਿ ਉਨ੍ਹਾਂ ਨੇ ਉਸ ਬੁਰਿਆਈ ਦੇ ਲਈ ਜੋ ਉਨ੍ਹਾਂ ਨੇ ਯੂਸੁਫ਼ ਨਾਲ ਕੀਤੀ ਸੀ ਉਸ ਦੇ ਕੋਲੋਂ ਮਾਫ਼ੀ ਮੰਗੀ (ਵੇਖੋ 42:21-23; 44:16)। ਹਾਲਾਂਕਿ ਯੂਸੁਫ਼ ਨੇ ਉਨ੍ਹਾਂ ਨੂੰ ਇਹ ਵਿਸ਼ਵਾਸ ਕਰਨ ਦਾ ਕੋਈ ਕਾਰਣ ਨਹੀਂ ਸੀ ਦਿੱਤਾ ਕਿ ਉਹ ਉਨ੍ਹਾਂ ਦੇ ਕੋਲੋਂ ਬਦਲਾ ਲੈਣ ਦੇ ਲਈ ਮੌਕੇ ਦੀ ਉਡੀਕ ਕਰ ਰਿਹਾ ਸੀ, ਉਨ੍ਹਾਂ ਦੇ ਅੰਤਹਕਰਨ ਉਨ੍ਹਾਂ ਨੂੰ ਪਰੇਸ਼ਾਨ ਕਰਦੇ ਰਹੇ।

ਬੇਸ਼ੱਕ, ਭਰਾ ਵਿਅਕਤੀਗਤ ਤੌਰ ਤੇ **ਯੂਸੁਫ਼** ਕੋਲ ਜਾਣ ਦੇ ਲਈ ਆਪਣੇ ਆਪ ਦੀ ਬੇਇੱਜ਼ਤੀ ਮਹਿਸੂਸ ਕਰਦੇ ਅਤੇ ਡਰਦੇ ਸਨ। ਉਨ੍ਹਾਂ ਨੇ ਆਪਣੇ ਪਿਤਾ ਦੇ ਰੋਕਣ ਵਾਲੇ ਹੱਥ ਤੋਂ ਬਿਨਾਂ ਆਪਣੇ ਸ਼ਕਤੀਸ਼ਾਲੀ ਭਰਾ ਦੇ ਸਾਹਮਣੇ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕੀਤਾ। ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਉਹ ਸਾਰੀਆਂ ਬਰਕਤਾਂ ਜਿਨ੍ਹਾਂ ਦਾ ਉਨ੍ਹਾਂ ਨੇ ਆਪਣੇ ਭਰਾ ਦੇ ਕਾਰਣ ਮਿਸਰ ਵਿਚ ਅਨੰਦ ਮਾਣਿਆ ਸੀ ਉਨ੍ਹਾਂ ਦੇ ਲਈ ਭਰੱਪਣ ਦੇ ਪ੍ਰੇਮ ਦੇ ਕਾਰਣ ਨਹੀਂ ਪਰ ਯਾਕੂਬ ਲਈ ਯੂਸੁਫ਼ ਦੇ ਪ੍ਰੇਮ ਦੇ ਕਾਰਣ ਦਿੱਤੀਆਂ ਗਈਆਂ ਸਨ। ਉਨ੍ਹਾਂ ਨੇ ਉਸ ਧੋਖੇ ਨੂੰ ਵੀ ਚੇਤੇ ਕੀਤਾ ਜੋ ਯੂਸੁਫ਼ ਨੇ ਉਨ੍ਹਾਂ ਨੂੰ ਮਿਸਰ ਵਿਚ ਉਨ੍ਹਾਂ ਦੇ ਪਹਿਲੀ ਵਾਰ ਆਉਣ ਤੇ ਉਨ੍ਹਾਂ ਦੇ ਨਾਲ ਕੀਤਾ ਸੀ (ਅਧਿਆਇ 42–44) ਅਤੇ ਉਨ੍ਹਾਂ ਨੂੰ ਸ਼ੱਕ ਹੋਵੇਗਾ ਕਿ ਉਸ ਨੂੰ ਉਨ੍ਹਾਂ ਨੂੰ ਪਰੇਸ਼ਾਨ ਕਰਨ ਵਿਚ ਮਜ਼ਾ ਆਉਂਦਾ ਸੀ। ਇਸ ਲਈ, ਉਨ੍ਹਾਂ ਨੇ ਇਸ ਵਿਰੋਧੀ ਟਾਕਰੇ ਤੋਂ ਬਚਣ ਦੀ ਕੋਸ਼ਿਸ਼ ਕਰਦਿਆਂ, ਕਿਸੇ ਵਿਚੋਲੇ ਦੇ ਰਾਹੀਂ ਯੂਸੁਫ਼ ਨੂੰ **ਇਕ ਸੰਦੇਸ਼** ਭੇਜਣ ਦਾ ਫ਼ੈਸਲਾ ਕੀਤਾ।

ਇਹ ਸੰਦੇਸ਼ **ਆਪਣੇ ਪਿਤਾ** ਸ਼ਬਦਾਂ ਨਾਲ ਸ਼ੁਰੂ ਹੋਇਆ ਅਤੇ ਇਸ ਤੋਂ ਯੂਸੁਫ਼ ਨੂੰ ਇਹ ਜਾਣਕਾਰੀ ਮਿਲੀ ਕਿ ਯਾਕੂਬ ਨੇ ਆਪਣੇ **ਮਰਨ ਤੋਂ ਪਹਿਲਾਂ** ਆਪਣੇ ਪੁੱਤਰਾਂ ਨੂੰ ਇਕ ਆਗਿਆ ਦਿੱਤੀ ਸੀ। ਉਸ ਆਗਿਆ ਵਿਚ ਇਕ ਬੇਨਤੀ ਸ਼ਾਮਲ ਸੀ ਜੋ ਕਿ ਇਹ ਸੀ: **ਤੁਸੀਂ ਯੂਸੁਫ਼ ਨੂੰ ਐਉਂ ਆਖਣਾ ਕਿ ਦਯਾ ਕਰ ਕੇ ਆਪਣੇ ਭਰਾਵਾਂ ਦੇ ਅਪਰਾਧ ਅਤੇ ਉਨ੍ਹਾਂ ਦੇ ਪਾਪ ਮਾਫ ਕਰ ਦੇਹ ਕਿਉਂਜੋ ਉਨ੍ਹਾਂ ਨੇ ਤੁਹਾਡੇ ਨਾਲ ਬੁਰਿਆਈ ਕੀਤੀ।** ਇਸ ਅਪੀਲ ਨੂੰ ਹੋਰ ਜ਼ਿਆਦਾ ਮਜ਼ਬੂਤ ਬਣਾਉਣ ਦੇ ਲਈ, ਸੰਦੇਸ਼ ਵਿਚ ਉਸ ਦੇ ਲਈ ਇਹ ਬੇਨਤੀ ਸੀ ਕਿ **ਆਪਣੇ ਪਿਤਾ ਦੇ ਪਰਮੇਸ਼ੁਰ ਦੇ ਦਾਸਾਂ ਦੇ ਅਪਰਾਧ ਮਾਫ ਕਰ ਦਿਓ**। ਪਹਿਲਾਂ ਇਨ੍ਹਾਂ ਭਰਾਵਾਂ ਨੇ ਪਰਮੇਸ਼ੁਰ ਦੇ ਦਾਸਾਂ ਵਰਗੇ ਕੰਮ ਨਹੀਂ ਸੀ ਕੀਤੇ; ਪਰ ਹੁਣ ਬੇਸ਼ੱਕ ਉਹ ਸਮਝ ਗਏ ਕਿ ਉਹ ਕਿੰਨੇ ਗਲਤ, ਸੁਆਰਥੀ ਅਤੇ ਪਾਪੀ ਹੋ ਗਏ ਸਨ। ਉਨ੍ਹਾਂ ਨੇ ਸੱਚੇ ਦਿਲੋਂ ਆਪਣੇ ਭਰਾ ਦੇ ਕੋਲੋਂ ਮਾਫ਼ੀ ਮੰਗੀ। ਉਨ੍ਹਾਂ ਦੀ ਆਖ਼ਰੀ ਮਿੰਨਤ ਵੰਸ਼ ਤੇ ਅਧਾਰਿਤ ਨਹੀਂ ਸੀ, ਪਰ ਆਤਮਿਕ ਜੜ੍ਹਾਂ ਅਤੇ ਉਨ੍ਹਾਂ ਦੇ ਪਿਤਾ ਯਾਕੂਬ ਦੇ ਪਰਮੇਸ਼ੁਰ ਨਾਲ ਉਨ੍ਹਾਂ ਦੇ ਸਾਂਝੇ ਰਿਸ਼ਤੇ ਤੇ ਅਧਾਰਿਤ ਸੀ।

ਹਾਲਾਂਕਿ ਯੂਸੁਫ਼ ਦੇ ਭਰਾਵਾਂ ਨੇ ਇਸ ਵਾਰ ਸੱਚੇ ਦਿਲੋਂ ਉਸ ਕੋਲੋਂ ਮਾਫ਼ੀ ਮੰਗੀ ਸੀ, ਇਹ ਸ਼ੱਕ ਹੀ ਹੈ ਕਿ ਯਾਕੂਬ ਨੇ ਸੱਚਮੁੱਚ ਉਨ੍ਹਾਂ ਨੂੰ ਇਹ ਸੰਦੇਸ਼ ਦਿੱਤਾ ਸੀ। ਆਖ਼ਰਕਾਰ, ਉਤਪਤ ਦੀ ਪੁਸ਼ਤਕ ਉਸ ਅਸਲੀ ਸਮੇਂ ਦਾ ਜ਼ਿਕਰ ਨਹੀਂ ਕਰਦੀ ਜਦੋਂ ਪੁਰਖੇ ਨੇ ਇਹ ਨਿਰਦੇਸ਼ ਦਿੱਤੇ ਸਨ। ਇਸ ਤੋਂ ਇਲਾਵਾ, ਵਿਰਤਾਂਤ ਇਹ ਵਰਣਨ ਕਰਦਾ ਹੈ ਕਿ ਭਰਾ ਬਹੁਤ ਵਾਰ ਧੋਖੇਬਾਜ਼ ਨਿੱਕਲੇ ਸਨ (34:13; 37:32; 38:11)। ਫਿਰ ਵੀ, ਜੇਕਰ ਯਾਕੂਬ ਅਜਿਹਾ ਕੋਈ ਸੰਦੇਸ਼ ਦੇਣਾ ਚਾਹੁੰਦਾ ਸੀ ਤਾਂ ਉਸ ਨੇ ਸਿੱਧਾ ਯੂਸੁਫ਼ ਨਾਲ ਗੱਲ ਕਰਨੀ ਸੀ। ਸ਼ਾਇਦ ਭਰਾਵਾਂ ਨੇ ਡਰ ਦੇ ਮਾਰੇ ਆਪਣੇ ਪਿਤਾ ਦੇ ਨਿਰਦੇਸ਼ਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਸੀ।[16]

ਕੋਮਲ ਦਿਲ **ਯੂਸੁਫ਼ ਰੋ ਪਿਆ** ਜਦੋਂ ਉਸ ਨੂੰ ਉਨ੍ਹਾਂ ਦਾ ਸੰਦੇਸ਼ ਮਿਲਿਆ। ਉਹ ਕਈ ਕਾਰਣਾਂ ਕਰਕੇ ਰੋਇਆ ਸੀ: (1) ਉਸ ਦੇ ਭਰਾ ਸੋਚਦੇ ਸਨ ਕਿ ਉਹ ਹਾਲੇ ਵੀ ਉਨ੍ਹਾਂ ਨਾਲ ਵੈਰ ਰੱਖਦਾ ਸੀ; (2) ਉਸ ਦੇ ਭਰਾ ਉਸ ਦਾ ਸਾਹਮਣਾ ਕਰਨ ਤੋਂ ਡਰਦੇ ਸਨ; (3) ਉਸ ਦੇ ਭਰਾ ਸੋਚਦੇ ਸਨ ਕਿ ਯੂਸੁਫ਼ ਨੇ ਉਨ੍ਹਾਂ ਨੂੰ ਇਸ ਲਈ ਜ਼ਿੰਦਾ ਰਹਿਣ ਦਿੱਤਾ ਕਿਉਂਕਿ ਉਨ੍ਹਾਂ ਦਾ ਪਿਤਾ ਹਾਲੇ ਜੀਉਂਦਾ ਸੀ; (4) ਉਸ ਦੇ ਭਰਾਵਾਂ ਨੇ ਸੋਚਿਆ ਕਿ ਯੂਸੁਫ਼ ਕੋਲ ਪਹੁੰਚਣ ਦਾ ਇਕਮਾਤਰ ਸੁਰੱਖਿਅਤ ਤਰੀਕਾ ਇਹ ਹੈ ਕਿ ਕਿਸੇ ਵਿਚੋਲੇ ਨੂੰ ਵਿਚ ਪਾਇਆ ਜਾਵੇ ਅਤੇ (5) ਉਸ ਦੇ ਭਰਾਵਾਂ ਨੇ ਸੋਚਿਆ ਕਿ ਉਨ੍ਹਾਂ ਦੇ ਪਿਤਾ ਦੀਆਂ ਮਿੰਨਤਾਂ ਜਾਂ ਬੇਨਤੀਆਂ ਹੀ ਉਨ੍ਹਾਂ ਨੂੰ ਯੂਸੁਫ਼ ਦੇ ਕਰੋਧ ਤੋਂ ਬਚਾ ਸਕਦੀਆਂ ਸਨ। ਮਿਸਰ ਵਿਚ ਸਤਾਰਾਂ ਸਾਲ ਇਕੱਠੇ ਰਹਿਣ ਤੋਂ ਬਾਅਦ ਵੀ (ਵੇਖੋ 47:9, 28), ਉਸ ਦੇ ਭਰਾ ਹਾਲੇ ਤੱਕ ਉਨ੍ਹਾਂ ਦੇ ਲਈ ਯੂਸੁਫ਼ ਦੇ ਪ੍ਰੇਮ ਨੂੰ ਨਹੀਂ ਸੀ ਸਮਝੇ ਜਾਂ ਉਨ੍ਹਾਂ ਨੂੰ ਹਾਲੇ ਤੱਕ ਇਹ ਭਰੋਸਾ ਨਹੀਂ ਸੀ ਹੋਇਆ ਕਿ ਯੂਸੁਫ਼ ਨੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ।

**ਆਇਤ 18.** ਅਸੀਂ ਨਹੀਂ ਜਾਣਦੇ ਕਿ ਯੂਸੁਫ਼ ਦੇ ਰੋਣ ਅਤੇ **ਉਸ ਦੇ ਭਰਾਵਾਂ** ਦੇ ਉਸ ਕੋਲ ਪਹੁੰਚਣ ਵਿਚਕਾਰ ਕਿੰਨਾ ਸਮਾਂ ਬੀਤ ਗਿਆ ਸੀ, ਪਰ ਲਿਖਤ ਇਹ ਦੱਸਦੀ ਹੈ ਕਿ ਉਹ ਬਹੁਤ ਛੇਤੀ ਹੀ ਆ ਗਏ ਸਨ। ਯੂਸੁਫ਼ ਦੀ ਇਕ ਕਮਜ਼ੋਰੀ ਸੀ ਕਿ ਉਹ ਉੱਚੀ-ਉੱਚੀ ਰੋਂਦਾ ਸੀ, ਜਿਵੇਂ ਕਿ ਅਸੀਂ 45:2 ਵਿਚ ਵੇਖ ਚੁੱਕੇ ਹਾਂ। ਸੰਭਵ ਤੌਰ ਤੇ, ਲਾਗੇ ਡਿਓਢੀ ਜਾਂ ਸਰਦਲ ਵਿਚ ਯੂਸੁਫ਼ ਦੀ ਉਡੀਕ ਕਰਦਿਆਂ, ਜਦੋਂ ਉਨ੍ਹਾਂ ਨੇ ਯੂਸੁਫ਼ ਨੂੰ ਉਨ੍ਹਾਂ ਦਾ ਸੰਦੇਸ਼ ਮਿਲਣ ਤੇ ਉੱਚੀ-ਉੱਚੀ ਰੋਂਦੇ ਸੁਣਿਆ ਤਾਂ ਉਹ ਝੱਟ ਅੰਦਰ ਵੜ੍ਹੇ ਅਤੇ **ਉਸ ਦੇ ਅੱਗੇ ਜਾਕੇ ਡਿੱਗ ਪਏ**। ਉਨ੍ਹਾਂ ਨੇ ਯੂਸੁਫ਼ ਦੇ ਪ੍ਰਤੀ ਆਪਣੇ ਪਾਪੀ ਵਿਹਾਰ ਬਾਰੇ ਕੋਈ ਤਰਕ ਜਾਂ ਦਲੀਲ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਕੋਈ ਬਹਾਨਾ ਨਹੀਂ ਬਣਾਇਆ, ਉਨ੍ਹਾਂ ਨੇ ਸਿਰਫ ਇਹੋ ਆਖਿਆ, **ਵੇਖੋ ਅਸੀਂ ਤੁਹਾਡੇ ਦਾਸ ਹਾਂ।** ਇਬਰਾਨੀ ਵਿਚ ਇਸ ਦਾ ਸ਼ਾਬਦਿਕ ਅਰਥ ਹੈ "ਵੇਖੋ, ਅਸੀਂ ਤੁਹਾਡੇ ਗੁਲਾਮ ਹਾਂ"; ਇਸ ਤਰ੍ਹਾਂ ਯੂਸੁਫ਼ ਦੇ ਭਰਾਵਾਂ ਨੇ ਇਕ ਵਾਰ ਫੇਰ ਉਸ ਨੂੰ ਆਪਣਾ ਦੁਨਿਆਵੀ ਸੁਆਮੀ ਸਮਝਦੇ ਹੋਏ ਉਸ ਦੇ ਉਨ੍ਹਾਂ ਸੁਫ਼ਨਿਆਂ ਨੂੰ ਪੂਰਾ ਕੀਤਾ ਜੋ ਉਸ ਨੇ ਉਸ ਸਮੇਂ ਵੇਖੇ ਸਨ ਜਦੋਂ ਉਹ ਹਾਲੇ ਮੁੰਡਾ ਹੀ ਸੀ (37:5-11)।

**ਆਇਤ 19.** ਇਸ ਮੌਕੇ **ਯੂਸੁਫ਼ ਨੇ** ਇਹ ਨਹੀਂ ਕਿਹਾ, "ਮੈਂ ਤੁਹਾਨੂੰ ਮਾਫ਼ ਕਰਦਾ ਹਾਂ"; ਉਸ ਨੇ ਬਹੁਤ ਸਾਲ ਪਹਿਲਾਂ ਹੀ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ (45:5)। ਉਸ ਨੇ ਆਪਣੇ ਮਨ ਵਿਚ ਉਨ੍ਹਾਂ ਦੇ ਵਿਰੁੱਧ ਬੁਰੀ ਭਾਵਨਾ ਜਾਂ ਬਦਲੇ ਦੀ ਭਾਵਨਾ ਨਹੀਂ ਸੀ ਰੱਖੀ। ਨਾ ਹੀ ਯੂਸੁਫ਼ ਨੇ ਉਨ੍ਹਾਂ ਨੂੰ ਉਸ ਨਾਲ ਦੁਬਾਰਾ ਮੇਲ ਮਿਲਾਪ ਕਰਨ ਅਤੇ ਮਾਫ਼ੀ ਮੰਗਣ ਦੇ ਲਈ ਫਿਟਕਾਰਿਆ। ਉਸ ਨੇ ਸਿਰਫ ਉਨ੍ਹਾਂ ਨੂੰ ਇਹ ਆਖਿਆ, **ਨਾ ਡਰੋ। ਭਲਾ, ਮੈਂ ਪਰਮੇਸ਼ੁਰ ਦੇ ਥਾਂ ਹਾਂ?**[17] ਅਸਲ ਵਿਚ, ਉਹ ਪੁੱਛ ਰਿਹਾ ਸੀ, "ਕੀ ਮਨੁੱਖਾਂ ਦਾ ਨਿਆਂ ਕਰਨਾ ਅਤੇ ਉਨ੍ਹਾਂ ਨੂੰ ਉਸ ਅਨਿਆਂ ਦੇ ਲਈ ਸਜ਼ਾ ਦੇਣਾ ਮੇਰਾ ਹੱਕ ਹੈ?" ਇਹ ਅਲੰਕਾਰਕ ਸਵਾਲ "ਨਹੀਂ" ਜਵਾਬ ਦੀ ਮੰਗ ਕਰਦਾ ਹੈ! ਮਨੁੱਖ ਧਰਤੀ ਉੱਤੇ ਸਿਰਫ ਪਰਮੇਸ਼ੁਰ ਦਾ ਇਕ ਜ਼ਰੀਆ ਬਣ ਸਕਦਾ ਹੈ ਅਤੇ ਪਰਮੇਸ਼ੁਰ ਦੀ ਮਰਜ਼ੀ ਨੂੰ ਪੂਰਾ

ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਉਹ ਕਦੇ ਯਹੋਵਾਹ ਦੀ ਥਾਂ ਤੇ ਕੰਮ ਨਹੀਂ ਕਰ ਸਕਦਾ ਜਾਂ ਪਾਪੀ ਮਨੁੱਖ ਦਾ ਨਿਆਂ ਕਰਕੇ ਜਾਂ ਉਨ੍ਹਾਂ ਕੋਲੋਂ ਬਦਲਾ ਲੈਣ ਦੀ ਕੋਸ਼ਿਸ਼ ਦੁਆਰਾ ਯਹੋਵਾਹ ਦੇ ਸਿੰਘਾਸਣ ਨੂੰ ਨਹੀਂ ਲੈ ਸਕਦਾ (ਲੇਵੀਆਂ 19:18; ਬਿਵਸਥਾ ਸਾਰ 32:35; ਰੋਮੀਆਂ 12:19)।

**ਆਇਤ 20.** ਯੂਸੁਫ਼ ਨੇ ਫਿਰ ਆਪਣੇ ਭਰਾਵਾਂ ਨੂੰ ਸਮਝਾਇਆ ਕਿ ਗਲਤ ਇਰਾਦਿਆਂ ਨੂੰ ਚੰਗੇ ਇਰਾਦਿਆਂ ਵਿਚ ਬਦਲਣ ਅਤੇ ਅਨੇਕ ਲੋਕਾਂ ਦੇ ਲਈ ਵੱਡੀਆਂ ਬਰਕਤਾਂ ਲਿਆਉਣ ਦਾ ਪਰਮੇਸ਼ੁਰ ਦਾ ਆਪਣਾ ਇਕ ਤਰੀਕਾ ਹੈ। ਉਸ ਨੇ ਇਨ੍ਹਾਂ ਸ਼ਬਦਾਂ ਦੇ ਨਾਲ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ: **ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈ ਦਾ ਦਾਈਆ ਕੀਤਾ ਪਰ ਪਰਮੇਸ਼ੁਰ ਨੇ ਉਸ ਨੂੰ ਭਲਿਆਈ ਦਾ ਦਾਈਆ ਬਣਾਇਆ ਤਾਂਜੋ ਬਹੁਤ ਸਾਰੇ ਲੋਕਾਂ ਨੂੰ ਜੀਉਂਦਾ ਰੱਖੇ।**

**ਆਇਤ 21.** ਯੂਸੁਫ਼ ਨੇ ਉਨ੍ਹਾਂ ਨੂੰ ਨਸੀਹਤ ਦਿੱਤੀ ਕਿ **ਨਾ ਡਰੋ** ਅਤੇ ਵਾਇਦਾ ਕੀਤਾ ਕਿ **ਮੈਂ ਤੁਹਾਡੀ ਅਤੇ ਤੁਹਾਡੇ ਨੀਂਗਰਾਂ ਦੀ ਪਾਲਣਾ ਕਰਾਂਗਾ** (ਵੇਖੋ 43:8; 45:19; 46:5; 47:12)। ਪਰਮੇਸ਼ੁਰ ਦੇ ਕਿਰਪਾਲੂ ਹਿਰਦੇ ਨੂੰ ਪਰਗਟ ਕਰਦਿਆਂ, **ਉਸ ਨੇ ਉਨ੍ਹਾਂ ਨੂੰ ਧੀਰਜ ਦਿੱਤੀ ਅਤੇ ਉਨ੍ਹਾਂ ਨੇ ਦਿਲਾਸਾ ਪਾਇਆ।**

### ਯੂਸੁਫ਼ ਦੁਆਰਾ ਉਸ ਨੂੰ ਦਫਨਾਏ ਜਾਣ ਦੇ ਨਿਰਦੇਸ਼ ਅਤੇ ਉਸ ਦੀ ਮੌਤ (50:22-26)

**[22]ਯੂਸੁਫ਼ ਆਪ ਅਤੇ ਉਸ ਦੇ ਪਿਤਾ ਦਾ ਘਰਾਣਾ ਮਿਸਰ ਵਿੱਚ ਵੱਸਿਆ ਅਤੇ ਯੂਸੁਫ਼ ਇੱਕ ਸੌ
ਦਸ ਵਰਿਹਾਂ ਤੀਕ ਜੀਉਂਦਾ ਰਿਹਾ। [23]ਅਰ ਯੂਸੁਫ਼ ਨੇ ਇਫ਼ਰਾਈਮ ਦੇ ਪੁੱਤ੍ਰਾਂ ਨੂੰ ਤੀਜੀ ਪੀੜ੍ਹੀ
ਤੀਕ ਡਿੱਠਾ ਅਤੇ ਮਨੱਸ਼ਹ ਦੇ ਪੁੱਤ੍ਰ ਮਾਕੀਰ ਦੇ ਨੀਂਗਰ ਵੀ ਯੂਸੁਫ਼ ਦੇ ਗੋਡਿਆਂ ਉੱਤੇ ਜੰਮੇ। [24]ਤਾਂ
ਯੂਸੁਫ਼ ਨੇ ਆਪਣੇ ਭਰਾਵਾਂ ਨੂੰ ਆਖਿਆ, ਮੈਂ ਮਰਨ ਵਾਲਾ ਹਾਂ ਪਰ ਪਰਮੇਸ਼ੁਰ ਜ਼ਰੂਰ ਤੁਹਾਡਾ
ਧਿਆਨ ਰੱਖੇਗਾ ਅਤੇ ਉਹ ਤੁਹਾਨੂੰ ਉਸ ਦੇਸ ਵਿੱਚ ਉਤਾਹਾਂ ਲੈ ਜਾਵੇਗਾ ਜਿਸ ਦੀ ਸੌਂਹ ਉਸ ਨੇ
ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ ਨਾਲ ਖਾਧੀ ਸੀ। [25]ਤਾਂ ਯੂਸੁਫ਼ ਨੇ ਇਸਰਾਏਲ ਦੇ ਪੁੱਤ੍ਰਾਂ
ਤੋਂ ਏਹ ਸੌਂਹ ਲਈ ਕਿ ਪਰਮੇਸ਼ੁਰ ਜ਼ਰੂਰ ਤੁਹਾਡਾ ਧਿਆਨ ਰੱਖੇਗਾ ਅਤੇ ਤੁਸੀਂ ਮੇਰੀਆਂ ਹੱਡੀਆਂ
ਐਥੋਂ ਉਤਾਹਾਂ ਲੈ ਜਾਣਾ। [26]ਯੂਸੁਫ਼ ਇੱਕ ਸੌ ਦਸ ਵਰਿਹਾਂ ਦਾ ਹੋਕੇ ਮਰ ਗਿਆ ਅਰ ਉਨ੍ਹਾਂ ਨੇ ਉਸ
ਵਿੱਚ ਸੁਗੰਧੀਆਂ ਭਰੀਆਂ ਅਤੇ ਉਹ ਮਿਸਰ ਵਿੱਚ ਇੱਕ ਸੰਦੂਕ ਵਿੱਚ ਰੱਖਿਆ ਗਿਆ।**

**ਆਇਤ 22. ਯੂਸੁਫ਼ ਨੇ ਮਿਸਰ ਨੂੰ** ਛੱਡ ਕੇ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਫ਼ਿਰਊਨ ਦੇ ਪ੍ਰਤੀ ਵਫ਼ਾਦਾਰ ਰਿਹਾ, ਜਿਸ ਨੇ, ਪਰਮੇਸ਼ੁਰ ਦੇ ਦੈਵੀ ਕੰਮ ਦੇ ਰਾਹੀਂ ਉਸ ਨੂੰ ਕੈਦਖਾਨੇ ਤੋਂ ਬਚਾਇਆ ਅਤੇ ਉਸ ਨੂੰ ਮਿਸਰ ਦੀ ਸਰਕਾਰ ਵਿਚ ਦੂਜੇ ਦਰਜੇ ਦਾ ਮੰਤਰੀ ਬਣਾਇਆ। ਬਦਲੇ ਵਿਚ, ਉਹ ਮਿਸਰ ਦੇ ਲੋਕਾਂ ਅਤੇ ਦੱਖਣੀ-ਪੱਛਮੀ ਭੂਮੱਧ ਸਾਗਰ ਦੇ ਲੋਕਾਂ ਦੇ ਲਈ ਅੰਨ ਇਕੱਠਾ ਕਰਨ ਅਤੇ ਸੱਤ ਸਾਲ ਦੇ ਭਿਆਣਕ ਕਾਲ ਦੇ ਸਮੇਂ ਦੌਰਾਨ ਭੁੱਖਮਰੀ ਨੂੰ ਦੂਰ ਕਰਨ ਦੇ ਲਈ ਇਸ ਅੰਨ ਨੂੰ ਸਮਝਦਾਰੀ ਨਾਲ ਇਸਤੇਮਾਲ ਕਰਨ ਦੁਆਰਾ ਵੱਡੀ ਬਰਕਤ ਦਾ ਕਾਰਣ ਬਣਿਆ ਸੀ। ਇਸ ਤਰੀਕੇ ਨਾਲ, ਉਹ ਪੁਰਖੇ ਦੀ ਆਗਿਆ ਵਿਚ ਭਾਗੀਦਾਰ ਬਣਿਆ ਜੋ ਪਹਿਲਾਂ ਅਬਰਾਹਾਮ ਨੂੰ ਦਿੱਤੀ ਗਈ ਸੀ: "ਬਰਕਤ ਦਾ ਕਾਰਨ ਹੋ" (12:2)। ਇਸ ਤੋਂ ਇਲਾਵਾ, ਉਸ ਨੇ ਮੁਢਲੇ ਵਾਇਦੇ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾਈ ਸੀ, "ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ" (12:3)।

ਆਪਣੇ ਜੀਵਨ ਦੇ ਬਾਕੀ ਦਿਨ, ਉਹ **ਉਸ ਦੇ ਪਿਤਾ ਦੇ ਘਰਾਣੇ** ਨਾਲ ਮਿਸਰ ਵਿਚ ਰਿਹਾ ਅਤੇ ਮਰਨ ਤੋਂ ਪਹਿਲਾਂ **ਇੱਕ ਸੌ ਦਸ ਵਰਿਹਾਂ ਤੀਕ ਜੀਉਂਦਾ ਰਿਹਾ** ਜੋ ਕਿ ਮਿਸਰੀ ਲੋਕਾਂ ਦੇ ਮਰਨ ਦੀ ਇਕ ਵਧੀਆ ਉਮਰ ਸੀ (47:9, 10 ਤੇ ਟਿੱਪਣੀਆਂ ਵੇਖੋ)। ਉਸ ਦੇ ਪਹਿਲੇ ਸਤਾਰਾਂ ਸਾਲ ਕਨਾਨ ਵਿਚ ਬੀਤੇ, ਜਦ ਕਿ ਉਸ ਦੇ ਆਖ਼ਰੀ ਤਿਰਆਨਵੇਂ ਸਾਲ ਮਿਸਰ ਵਿਚ ਬੀਤੇ;

ਇਸ ਲਈ, ਰਾਜਨੀਤਿਕ ਤੌਰ ਤੇ ਅਤੇ ਸੱਭਿਆਚਾਰਕ ਤੌਰ ਤੇ, ਉਹ ਇਬਰਾਨੀ ਘੱਟ ਤੇ ਮਿਸਰੀ ਜ਼ਿਆਦਾ ਸੀ। ਪਰ, ਜਿੱਥੋਂ ਤੱਕ ਧਰਮ ਦਾ ਸੰਬੰਧ ਹੈ, ਉਹ *ਏਲ ਸ਼ਦਾਈ* ਅਰਥਾਤ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਪਰਮੇਸ਼ੁਰ ਵਿਚ ਪਰਤੀਤ ਕਰਦਾ ਸੀ। ਉਹ ਜਾਣਦਾ ਸੀ ਕਿ ਪਰਮੇਸ਼ੁਰ ਦੀ ਇਹ ਮਰਜ਼ੀ ਸੀ ਕਿ ਯਾਕੂਬ ਦਾ ਘਰਾਣਾ ਮਿਸਰ ਵਿਚ ਰਹੇ, ਜਿੱਥੇ ਪਰਮੇਸ਼ੁਰ ਉਨ੍ਹਾਂ ਨੂੰ ਗਿਣਤੀ ਵਿਚ ਵਧਾਵੇਗਾ ਅਤੇ ਇਕ ਵੱਡੀ ਕੌਮ ਬਣਾਵੇਗਾ। ਸਮਾਂ ਪੂਰਾ ਹੋਣ ਤੇ, ਪਰਮੇਸ਼ੁਰ ਉਨ੍ਹਾਂ ਨੂੰ ਕਨਾਨ ਦੇਸ ਵਿਚ ਲੈ ਜਾਵੇਗਾ ਅਤੇ ਇਸ ਨੂੰ ਉਨ੍ਹਾਂ ਦੀ ਮਿਲਖ ਅਤੇ ਦੇਸ ਵਜੋਂ ਉਨ੍ਹਾਂ ਨੂੰ ਦੇਵੇਗਾ।

**ਆਇਤ 23.** ਬਾਈਬਲ ਦੇ ਸਮਿਆਂ ਵਿਚ, ਆਪਣੇ ਦੋਹਤਰਿਆਂ-ਪੋਤਰਿਆਂ ਨੂੰ ਵੇਖਣ ਦੇ ਲਈ ਲੰਬੇ ਸਮੇਂ ਤੱਕ ਜੀਉਣ ਨੂੰ ਕਿਸੇ ਵੀ ਵਿਅਕਤੀ ਦੇ ਲਈ ਸਭ ਤੋਂ ਵੱਡਾ ਅਨੰਦ ਅਤੇ ਵੱਡੀ ਪ੍ਰਾਪਤੀ ਦੇ ਰੂਪ ਵਿਚ ਵੇਖਿਆ ਜਾਂਦਾ ਸੀ (ਅੱਯੂਬ 42:16; ਜ਼ਬੂਰ 128:6; ਕਹਾਉਤਾਂ 17:6)। **ਯੂਸੁਫ਼ ਇਫ਼ਰਾਈਮ ਦੇ ਪੁੱਤ੍ਰਾਂ ਨੂੰ ਤੀਜੀ ਪੀੜ੍ਹੀ** (ਉਸ ਦੇ ਦੋਹਤਰਿਆਂ-ਪੋਤਰਿਆਂ) **ਤੀਕ** ਵੇਖਣ ਦੇ ਲਏ ਲੰਬੀ ਉਮਰ ਜੀਇਆ। ਇਸ ਤੋਂ ਇਲਾਵਾ, ਯੂਸੁਫ਼ ਨੇ **ਮਨੱਸ਼ਹ ਦੇ ਪੁੱਤ੍ਰ ਮਾਕੀਰ ਦੇ ਨੀਂਗਰ** ਅਰਥਾਤ ਹੋਰ ਦੋਹਤਰੇ-ਪੋਤਰੇ ਵੇਖੇ। ਉਹ **ਯੂਸੁਫ਼ ਦੇ ਗੋਡਿਆਂ ਉੱਤੇ ਜੰਮੇ**, ਜਿਵੇਂ ਕਿ ਜਦੋਂ ਯਾਕੂਬ ਨੇ ਯੂਸੁਫ਼ ਦੇ ਦੋ ਪੁੱਤਰਾਂ, ਇਫ਼ਰਾਈਮ ਅਤੇ ਮਨੱਸ਼ਹ ਨੂੰ ਗੋਡਿਆਂ ਉੱਤੇ ਕੱਢਿਆ ਅਤੇ ਉਨ੍ਹਾਂ ਨੂੰ ਗੋਦ ਲਿਆ (48:12 ਤੇ ਟਿੱਪਣੀਆਂ ਵੇਖੋ)। ਫਿਰ ਯੂਸੁਫ਼ ਨੇ ਇਫ਼ਰਾਈਮ ਦੇ ਪੁੱਤਰਾਂ ਦੀ ਤੀਜੀ ਪੀੜ੍ਹੀ ਨੂੰ ਉਸ ਦੇ ਆਪਣੇ ਪੁੱਤਰਾਂ ਵਜੋਂ ਗੋਦ ਲੈਣ ਦੇ ਲਈ ਬਰਕਤ ਦਿੱਤੀ ਸੀ। ਕਈ ਪੀੜ੍ਹੀਆਂ ਦੇ ਬਾਅਦ, ਮਨੱਸ਼ਹ ਦੇ ਪੁੱਤਰ ਮਾਕੀਰ ਦੇ ਵੰਸ਼ ਸ਼ਕਤੀਸ਼ਾਲੀ ਸੂਰਮੇ ਅਤੇ ਕਨਾਨ ਦੇ ਦੇਸ ਦੀ ਜਿੱਤ ਵਿਚ ਸੈਨਾਪਤੀ ਬਣੇ (ਨਿਆਈਆਂ 5:14)।

**ਆਇਤ 24. ਯੂਸੁਫ਼ ਨੇ** ਨਾ ਸਿਰਫ ਲੰਬਾ ਜੀਵਨ ਬਿਤਾਇਆ, ਪਰ ਉਹ ਜੀਵਨ ਪਰਮੇਸ਼ੁਰ ਵੱਲੋਂ ਅਤੇ ਫ਼ਿਰਊਨ ਵੱਲੋਂ ਬਹੁਤ ਸਾਰੀਆਂ ਬਰਕਤਾਂ ਦੇ ਨਾਲ ਭਰਿਆ ਹੋਇਆ ਸੀ। ਉਹ ਗੁਲਾਮੀ ਵਿੱਚੋਂ ਨਿੱਕਲ ਕੇ ਅਮੀਰੀ, ਅਧਿਕਾਰ ਦੇ ਅਹੁਦੇ ਤੀਕ ਪਹੁੰਚਿਆ ਅਤੇ ਉਸ ਨੂੰ ਮਿਸਰ ਵਿਚ ਦੂਜੇ ਦਰਜੇ ਦੇ ਮੰਤਰੀ ਦੇ ਤੌਰ ਤੇ ਪ੍ਰਸਿੱਧੀ ਮਿਲੀ। ਇੰਨੀ ਜ਼ਿਆਦਾ ਪ੍ਰਸਿੱਧੀ ਅਤੇ ਬਹੁਤ ਸਾਰੀਆਂ ਦੁਨਿਆਵੀ ਪ੍ਰਾਪਤੀਆਂ ਦੇ ਬਾਅਦ ਵੀ, ਯੂਸੁਫ਼ ਪਰਮੇਸ਼ੁਰ ਦਾ ਇਕ ਹਲੀਮ ਬੰਦਾ ਸੀ। ਜਦੋਂ ਉਸ ਨੂੰ ਇਹ ਅਹਿਸਾਸ ਹੋ ਗਿਆ ਕਿ ਉਸ ਦੇ ਕੋਲ ਥੋੜ੍ਹਾ ਸਮਾਂ ਰਹਿ ਗਿਆ ਹੈ ਅਤੇ **ਉਹ ਮਰਨ ਵਾਲਾ ਹੈ**, ਉਸ ਨੇ ਨਿਹਚਾ ਦੀ ਸਾਖੀ ਦੇ ਰੂਪ ਵਿਚ, ਆਪਣੇ ਭਰਾਵਾਂ ਨਾਲ ਕੁਝ ਆਖ਼ਰੀ ਗੱਲਾਂ ਕਰਨ ਦੇ ਲਈ **ਆਪਣੇ ਭਰਾਵਾਂ** ਨੂੰ ਉਸ ਦੇ ਕੋਲ ਇਕੱਠੇ ਹੋ ਕੇ ਆਉਣ ਦੇ ਲਈ ਆਖਿਆ। ਉਸ ਦੀਆਂ ਗੱਲਾਂ ਵਿਚ ਉਨ੍ਹਾਂ ਗੁਣਾਂ ਬਾਰੇ ਜਾਂ ਤਾਂ ਵਿਅਕਤੀਗਤ ਤੌਰ ਤੇ ਜਾਂ ਇਕ ਪਰਿਵਾਰ ਦੇ ਤੌਰ ਤੇ ਘਮੰਡ ਜਾਂ ਹੰਕਾਰ ਕਰਨ ਵਾਲੀ ਕੋਈ ਗੱਲ ਨਹੀਂ ਸੀ। ਇਨ੍ਹਾਂ ਭਰਾਵਾਂ ਦੇ ਜੀਵਨ ਅਤੇ ਉਨ੍ਹਾਂ ਦੀ ਅੰਸ ਦਾ ਭਵਿੱਖ ਬਿਨਾਂ ਯੋਗਤਾ ਦੇ ਪ੍ਰਾਪਤ ਕੀਤੀ ਗਈ ਪਰਮੇਸ਼ੁਰ ਦੀ ਮਿਹਰ (ਕਿਰਪਾ) ਤੇ ਅਧਾਰਿਤ ਸੀ।

ਇਸ ਲਈ, ਯੂਸੁਫ਼ ਨੇ ਇਸ ਗੱਲ ਤੇ ਜ਼ੋਰ ਦੇਣਾ ਜ਼ਰੂਰੀ ਸਮਝਿਆ ਕਿ ਉਨ੍ਹਾਂ ਦੇ ਮਿਸਰ ਵਿਚ ਰਹਿੰਦਿਆਂ **ਪਰਮੇਸ਼ੁਰ ਜ਼ਰੂਰ** ਉਨ੍ਹਾਂ ਦਾ **ਧਿਆਨ ਰੱਖੇਗਾ**। ਇੱਥੇ ਪਾਏ ਜਾਣ ਵਾਲੇ ਇਬਰਾਨੀ ਸ਼ਬਦ פָּקַד (*ਪਕਾਦ)* ਦਾ ਸ਼ਾਬਦਿਕ ਅਰਥ ਹੈ "ਦੇਖਣ ਆਉਣਾ" (KJV)। NIV ਬਾਈਬਲ ਇਸ ਕਹਾਵਤ ਦੀ ਵਿਆਖਿਆ ਇਹ ਕਹਿੰਦੇ ਹੋਏ ਕਰਦੀ ਹੈ ਕਿ ਪਰਮੇਸ਼ੁਰ "ਨਿਸ਼ਚਤ ਤੌਰ ਤੇ [ਉਨ੍ਹਾਂ ਦੀ] ਮਦਦ ਦੇ ਲਈ ਆਵੇਗਾ।" ਇਨ੍ਹਾਂ ਸ਼ਬਦਾਂ ਦਾ ਪੂਰਾ ਹੋਣਾ ਕੂਚ ਦੀ ਪੁਸਤਕ ਵਿਚ ਮਿਲਦਾ ਹੈ, ਜਿੱਥੇ *ਪਕਾਦ* ਸ਼ਬਦ ਯਹੋਵਾਹ ਦੀ ਚਿੰਤਾ ਅਤੇ ਇਸਰਾਏਲ ਦੇ ਲੋਕਾਂ ਦੀ ਭਿਆਣਕ ਗੁਲਾਮੀ ਵਿਚ ਉਨ੍ਹਾਂ ਦੇ ਲਈ ਯਹੋਵਾਹ ਦੇ ਦਖ਼ਲ ਦੇਣ ਦੇ ਲਈ ਵਰਤਿਆ ਗਿਆ

ਸੀ (ਕੂਚ 3:16; 4:31; 13:19)।

ਯੂਸੁਫ਼ ਨੇ ਇਹ ਵੀ ਆਖਿਆ ਸੀ ਕਿ ਮਿਸਰ ਇਸਰਾਏਲੀਆਂ ਦਾ ਹਮੇਸ਼ਾ ਲਈ ਘਰ ਹੋਵੇਗਾ। ਆਉਣ ਵਾਲੇ ਸਮੇਂ ਵਿਚ, ਜਦੋਂ ਉਹ ਗਿਣਤੀ ਵਿਚ ਬਹੁਤ ਜ਼ਿਆਦਾ ਵੱਧ ਜਾਣਗੇ, ਯਹੋਵਾਹ ਉਨ੍ਹਾਂ ਨੂੰ **ਉਸ ਦੇਸ ਵਿੱਚ ਉਤਾਹਾਂ ਲੈ ਜਾਵੇਗਾ ਜਿਸ ਦੀ ਸੌਂਹ ਉਸ ਨੇ ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ ਨਾਲ ਖਾਧੀ ਸੀ** (12:7; 17:8; 26:3; 28:13; 35:12)।

**ਆਇਤ 25. ਯੂਸੁਫ਼ ਨੇ** ਮੁੜ ਇਸ ਗੱਲ ਦੀ ਪੁਸ਼ਟੀ ਕੀਤੀ ਕਿ **ਪਰਮੇਸ਼ੁਰ ਜ਼ਰੂਰ** ਉਸ ਦੇ ਭਰਾਵਾਂ ਦਾ **ਧਿਆਨ** (*ਪਕਾਦ*) **ਰੱਖੇਗਾ**। ਇਹ ਪੁਰਖਾਂ ਨੂੰ ਦਿੱਤੇ ਪਰਮੇਸ਼ੁਰ ਦੇ ਵਾਅਦਿਆਂ ਦੇ ਅਨੁਸਾਰ ਸੀ ਕਿ ਪਰਮੇਸ਼ੁਰ ਉਨ੍ਹਾਂ ਦੀ ਰਾਖੀ ਕਰੇਗਾ ਅਤੇ ਉਨ੍ਹਾਂ ਨੂੰ ਬਰਕਤ ਦੇਵੇਗਾ (12:1-3; 26:3; 28:15; 31:3; ਵੇਖੋ 48:21)। ਜਿਵੇਂ ਯਾਕੂਬ ਨੇ ਕਨਾਨ ਵਿਚ ਉਸ ਦੇ ਦੱਬਣ ਦੇ ਸੰਬੰਧ ਵਿਚ ਯੂਸੁਫ਼ ਕੋਲੋਂ ਸੌਂਹ ਲਈ ਸੀ (47:29-31; ਵੇਖੋ 49:29-32), ਯੂਸੁਫ਼ ਨੇ ਵੀ (ਆਪਣੇ ਭਰਾਵਾਂ ਕੋਲੋਂ) ਜਦੋਂ ਉਹ ਮਿਸਰ ਤੋਂ ਜਾਣਗੇ ਤਾਂ ਉਸ ਦੀਆਂ **ਹੱਡੀਆਂ ਐਥੋਂ ਉਤਾਹਾਂ ਲੈ ਜਾਣ ਦੀ ਸੌਂਹ ਲਈ ਸੀ**। ਕਈ ਵਰਿਹਾਂ ਬਾਅਦ, ਕੂਚ ਦੀ ਪੁਸਤਕ ਦੌਰਾਨ, ਮੂਸਾ ਨੇ ਉਸ ਸੌਂਹ ਦਾ ਆਦਰ ਕੀਤਾ ਜੋ ਯੂਸੁਫ਼ ਦੇ ਭਰਾਵਾਂ ਨੇ ਯੂਸੁਫ਼ ਨੂੰ ਦਿੱਤੀ ਸੀ। ਇਸਰਾਏਲੀ ਲੋਕ ਆਪਣੇ ਨਾਲ ਉਸ ਦੀਆਂ ਹੱਡੀਆਂ ਨੂੰ ਲੈ ਗਏ ਜਦੋਂ ਉਹ ਕੂਚ ਦੀ ਪੁਸਤਕ ਵਿਚ ਮਿਸਰ ਨੂੰ ਛੱਡ ਕੇ ਗਏ (ਕੂਚ 13:19)।

ਯੂਸੁਫ਼ ਦੇ ਭਰਾਵਾਂ ਨੂੰ ਉਸ ਦੀਆਂ ਹੱਡੀਆਂ ਬਾਰੇ ਯੂਸੁਫ਼ ਦੇ ਆਖ਼ਰੀ ਨਿਰਦੇਸ਼ਾਂ ਨੇ ਉਸ ਦੀ ਨਿਹਚਾ ਦੀ ਸਾਖੀ ਦੇ ਤੌਰ ਤੇ ਕੰਮ ਕੀਤਾ ਸੀ। ਯੂਸੁਫ਼ ਦੇ ਜੀਵਨ ਵਿਚ ਜਿੰਨੀਆਂ ਵੀ ਮਹੱਤਵਪੂਰਣ ਘਟਨਾਵਾਂ ਵਾਪਰੀਆਂ, ਉਨ੍ਹਾਂ ਵਿੱਚੋਂ ਇਹ ਘਟਨਾ ਇਬਰਾਨੀਆਂ ਦੇ ਲੇਖਕ ਦੇ ਮਨ ਵਿਚ ਸਭ ਨਾਲੋਂ ਵੱਖਰੀ ਹੈ, ਜਿਸ ਨੇ ਨਿਹਚਾ ਦੇ ਸੂਰਬੀਰਾਂ ਤੇ ਲਿਖੇ ਆਪਣੇ ਅਧਿਆਇ ਵਿਚ ਯੂਸੁਫ਼ ਨੂੰ ਵੀ ਸ਼ਾਮਲ ਕੀਤਾ (ਇਬਰਾਨੀਆਂ 11:22)। ਯਹੋਸ਼ੁਆ ਦੀਆਂ ਜਿੱਤਾਂ ਦੇ ਅੰਤ ਵਿਚ ਅਤੇ ਨਿਆਈਆਂ ਦੇ ਸਮੇਂ ਦੇ ਆਰੰਭ ਵਿਚ, ਇਸਰਾਏਲੀਆਂ ਨੇ ਯੂਸੁਫ਼ ਦੀਆਂ ਹੱਡੀਆਂ ਸ਼ਕਮ ਵਿਚ ਦੱਬੀਆਂ, ਜਿੱਥੇ ਯਾਕੂਬ ਨੇ ਸ਼ਕਮ ਦੇ ਪਿਤਾ ਹਾਮੋਰ ਕੋਲੋਂ ਪੈਲੀ ਦਾ ਖੱਤਾ ਮੁੱਲ ਲਿਆ ਸੀ (ਯਹੋਸ਼ੁਆ 24:32; ਵੇਖੋ ਉਤਪਤ 33:19)।

**ਆਇਤ 26.** ਲੇਖਕ ਨੇ ਉਤਪਤ ਦੇ ਵਿਰਤਾਂਤ ਨੂੰ ਇਹ ਦੁਹਰਾਉਣ ਦੁਆਰਾ ਖਤਮ ਕੀਤਾ ਕਿ **ਯੂਸੁਫ਼ ਇੱਕ ਸੌ ਦਸ ਵਰਿਹਾਂ ਦਾ ਹੋਕੇ ਮਰ ਗਿਆ** (50:22) ਅਤੇ ਇਹ ਵੀ ਕਿਹਾ ਕਿ ਯੂਸੁਫ਼ ਦੀ ਦੇਹ ਵਿਚ ਸੁਗੰਧੀਆਂ ਭਰੀਆਂ (50:2, 3 ਤੇ ਟਿੱਪਣੀਆਂ ਵੇਖੋ) ਅਤੇ **ਉਹ ਮਿਸਰ ਵਿੱਚ ਇੱਕ ਸੰਦੂਕ ਵਿੱਚ ਰੱਖਿਆ ਗਿਆ**। ਪੁਰਾਣੇ ਨੇਮ ਵਿਚ ਸੰਦੂਕ ਦਾ ਸਿਰਫ ਇਹੀ ਇੱਕੋ ਇਕ ਹਵਾਲਾ ਹੈ ਅਤੇ ਇਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਯੂਸੁਫ਼ ਬਾਹਰੀ ਰੂਪ ਤੋਂ ਇਕ ਮਿਸਰੀ ਜਾਪਦਾ ਸੀ। ਪਰ, ਦਿਲ ਤੋਂ, ਉਹ ਇਕ ਇਸਰਾਏਲੀ ਹੀ ਰਿਹਾ, ਜਿਹੜਾ ਕਿ ਆਪਣੇ ਪਿਉ ਦਾਦਿਆਂ ਦੇ ਪਰਮੇਸ਼ੁਰ ਦੇ ਪ੍ਰਤੀ ਸਮਰਪਿਤ ਸੀ। ਉਹ ਜੀਉਂਦੀ ਨਿਹਚਾ ਦੀ ਜਿੱਤ ਵਿਚ ਮਰਿਆ, ਇਹ ਪਰਤੀਤ ਕਰਦਾ ਹੋਇਆ ਕਿ ਉਸ ਦੀਆਂ ਹੱਡੀਆਂ ਉਸ ਦੇ ਪੁਰਖਾਂ ਦੇ ਨਾਲ ਅਰਾਮ ਕਰਨ ਦੇ ਲਈ ਮਿਸਰ ਵਿੱਚੋਂ ਬਾਹਰ ਲੈ ਜਾਈਆਂ ਜਾਣਗੀਆਂ ਜਦੋਂ ਉਨ੍ਹਾਂ ਦੀ ਅੰਸ ਕਨਾਨ ਦੇ ਦੇਸ ਉੱਤੇ ਕਬਜ਼ਾ ਕਰ ਲਵੇਗੀ।

# ਪ੍ਰਾਸੰਗਿਕਤਾ

### ਮੌਤ ਦਾ ਸਾਹਮਣਾ ਕਰਦੇ ਹੋਏ ਵੀ ਆਸ ਰੱਖਣਾ (50:1-14)

ਇਕ ਵਿਅਕਤੀ ਮੌਤ ਦੇ ਬਾਰੇ ਕਿਵੇਂ ਦਾ ਨਜ਼ਰੀਆ ਰੱਖਦਾ ਹੈ ਇਹ ਉਸ ਦੇ ਬਾਰੇ ਬਹੁਤ

ਕੁਝ ਬਿਆਨ ਕਰਦਾ ਹੈ, ਭਾਵੇਂ ਇਹ ਉਸ ਦੀ ਆਪਣੀ ਮੌਤ ਹੋਵੇ ਜਾਂ ਕਿਸੇ ਹੋਰ ਵਿਅਕਤੀ ਦੀ। ਕੁਝ ਲੋਕ ਡਰ ਅਤੇ ਸ਼ੱਕ ਨਾਲ ਜੀਵਨ ਦੇ ਅੰਤ ਵੱਲ ਵਧਦੇ ਹਨ, ਜਦ ਕਿ ਕੁਝ ਲੋਕ ਨਿਹਚਾ ਅਤੇ ਭਰੋਸੇ ਨਾਲ ਇਸ ਦਾ ਸਾਹਮਣਾ ਕਰਦੇ ਹਨ।

ਆਸ ਮੌਤ ਦੀ ਘੜੀ ਵਿਚ ਵਿਸ਼ਵਾਸੀਆਂ ਨੂੰ ਸੰਭਾਲ ਕੇ ਰੱਖਦੀ ਹੈ। ਇਬਰਾਨੀਆਂ ਦੇ ਲੇਖਕ ਨੇ ਕਿਹਾ, "ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ ਅਤੇ ਇਸੇ ਵਿਖੇ ਬਜ਼ੁਰਗਾਂ ਦੇ ਲਈ ਸਾਖੀ ਦਿੱਤੀ ਗਈ" (ਇਬਰਾਨੀਆਂ 11:1, 2)। ਸਦੀਪਕ ਕਾਲ ਵਿਚ ਸਾਡੇ ਲਈ ਕੀ ਰੱਖਿਆ ਹੈ ਉਸ ਨੂੰ ਅਨੁਭਵ ਤੋਂ ਕੋਈ ਵਿਅਕਤੀ ਸਾਬਤ ਨਹੀਂ ਕਰ ਸਕਦਾ ਅਤੇ ਬਹੁਤ ਸਾਰੇ ਬਿਨਾਂ ਸ਼ੱਕ ਉਸੇ ਕਾਰਣ ਮੌਤ ਦੇ ਲਈ ਤਿਆਰੀ ਕਰਨ ਵਿਚ ਅਸਫ਼ਲ ਹੋ ਜਾਂਦੇ ਹਨ। ਪਰ, ਬੁੱਧਵਾਨ ਵਿਅਕਤੀ "ਮੌਤ ਦੀ ਛਾਂ ਦੀ ਵਾਦੀ" ਤੋਂ ਪਰੇ ਜੋ ਭਵਿੱਖ ਹੈ ਉਸ ਦੇ ਲਈ ਤਿਆਰੀ ਕਰਦਾ ਹੈ (ਜ਼ਬੂਰ 23:4)।

*ਉਤਪਤ (ਅਤੇ ਯਾਕੂਬ ਦੇ ਜੀਵਨ) ਵਿਚ।* ਮੌਤ ਨਾਲ ਯਾਕੂਬ ਦੇ ਟਾਕਰਿਆਂ ਨੇ ਉਸ ਦੀ ਪੂਰੇ ਜੀਵਨ ਵਿਚ ਰਲੀਆਂ ਮਿਲੀਆਂ ਪ੍ਰਤੀਕਿਰਿਆਵਾਂ ਉਤਪੰਨ ਕੀਤੀਆਂ; ਪਰ ਜਦੋਂ ਉਸ ਦਾ ਆਪਣੀ ਖੁਦ ਦੀ ਮੌਤ ਨਾਲ ਸਾਹਮਣਾ ਹੋਇਆ, ਉਸ ਨੇ ਆਪਣੇ ਪਰਿਵਾਰ ਦੇ ਭਵਿੱਖ ਅਤੇ ਪਰਮੇਸ਼ੁਰ ਦੇ ਵਾਅਦਿਆਂ ਦੇ ਪੂਰਾ ਹੋਣ ਦੀ ਵੱਲ ਤੱਕਿਆ। ਬਾਈਬਲ ਦੀ ਉਸ ਇਮਾਰਤ ਵਿਚ ਜਿਸ ਦੇ ਵਿਚ ਲੋਕਾਂ ਨੂੰ ਸਨਮਾਨਿਤ ਕਰਨ ਵਾਲੀਆਂ ਟਰਾਫੀਆਂ ਰੱਖੀਆਂ ਹੋਈਆਂ ਹਨ, ਯਾਕੂਬ ਦਾ ਰੂਪ ਧਿਆਨ ਦੇਣ ਯੋਗ ਹੈ, ਪਰ ਉਸ ਸੰਦਰਭ ਵਿਚ ਉਸ ਦੇ ਬਾਰੇ ਸਿਰਫ ਇੱਕੋ ਹਵਾਲਾ ਦਿੱਤਾ ਗਿਆ ਹੈ: "ਨਿਹਚਾ ਨਾਲ ਯਾਕੂਬ ਨੇ ਮਰਨ ਲੱਗਿਆਂ ਯੂਸੁਫ਼ ਦੇ ਪੁੱਤ੍ਰਾਂ ਨੂੰ ਇੱਕ ਇੱਕ ਕਰਕੇ ਅਸੀਸ ਦਿੱਤੀ ਅਤੇ ਆਪਣੀ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ" (ਇਬਰਾਨੀਆਂ 11:21)। ਇਹ ਕਥਨ ਯਾਕੂਬ ਦੇ ਜੀਵਨ ਦੇ ਅੰਤ ਦੇ ਨੇੜੇ ਦੀ ਘਟਨਾ ਬਾਰੇ ਦੱਸਦਾ ਹੈ ਅਤੇ ਇਹ ਪਾਠਕ ਨੂੰ ਇਹ ਸਮਝਣ ਵਿਚ ਕੋਈ ਮਦਦ ਨਹੀਂ ਕਰਦਾ ਕਿ ਕਿਵੇਂ ਬਹੁਤ ਸਾਲਾਂ ਦੀ ਜੱਦੋ-ਜਹਿਦ ਤੋਂ ਬਾਅਦ ਅਜਿਹੀ ਨਿਹਚਾ ਵੱਲ ਆਇਆ ਸੀ।

ਪਾਪੀ ਸੰਸਾਰ ਵਿਚ ਧਰਮੀ ਜੀਵਨ ਜੀਉਣਾ ਕਦੇ ਅਸਾਨ ਨਹੀਂ ਹੁੰਦਾ ਅਤੇ ਪਰਮੇਸ਼ੁਰ ਦੇ ਲੋਕਾਂ ਨੂੰ ਪਰਮੇਸ਼ੁਰ ਦੇ ਪ੍ਰਤੀ ਆਪਣੇ ਸਮਰਪਣ ਨੂੰ ਬਰਕਰਾਰ ਰੱਖਣ ਦੇ ਲਈ ਹਮੇਸ਼ਾ ਸੁਆਰਥੀਪਣ, ਧੋਖੇ, ਸਵੈ-ਇੱਛਾ ਅਤੇ ਈਮਾਨਦਾਰੀ ਦੀਆਂ ਕਮੀਆਂ ਦੀਆਂ ਅਜ਼ਮਾਇਸ਼ਾਂ ਨਾਲ ਜੱਦੋ-ਜਹਿਦ ਕਰਨੀ ਪਈ ਸੀ। ਪਰ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਯਾਕੂਬ ਦੇ ਲਈ ਇਹ ਅਜ਼ਮਾਇਸ਼ਾਂ ਵੱਧ ਗਈਆਂ। ਪੁਰਖੇ ਦੇ ਪੂਰੇ ਜੀਵਨ ਵਿਚ, ਲੱਗਦਾ ਹੈ ਕਿ ਉਸ ਨੇ ਇਕ ਅਜਿਹੇ ਰਸਤੇ ਤੇ ਸਫਰ ਕੀਤਾ ਜਿਹੜਾ ਮੁਸ਼ਕਲਾਂ ਅਤੇ ਰੁਕਾਵਟਾਂ ਨਾਲ ਭਰਿਆ ਹੋਇਆ ਸੀ ਜਿਸ ਨੇ ਉਸ ਦੇ ਦਿਨਾਂ ਨੂੰ ਮੁਸ਼ਕਲ ਬਣਾ ਦਿੱਤਾ ਅਤੇ ਪਰਮੇਸ਼ੁਰ ਦੇ ਬੰਦੇ ਦੇ ਰੂਪ ਵਿਚ ਉਸ ਦੀ ਆਤਮਿਕ ਗਵਾਹੀ ਨੂੰ ਨੁਕਸਾਨ ਪਹੁੰਚਾਇਆ। ਜਦੋਂ ਉਸ ਨੇ ਲਹੂ ਨਾਲ ਭਿੱਜੇ ਹੋਏ ਯੂਸੁਫ਼ ਦੇ ਕੁੜਤੇ ਨੂੰ ਵੇਖਿਆ ਅਤੇ ਸੋਚਿਆ ਕਿ ਉਸ ਦਾ ਪੁੱਤਰ ਮਰ ਗਿਆ ਹੈ, ਉਹ ਜੀਵਨ ਤੋਂ ਨਿਰਾਸ਼ ਹੋ ਗਿਆ (37:33-35)। ਲੱਗਦਾ ਹੈ ਕਿ ਉਸ ਦੀ ਸਾਰੀ ਆਸ ਅਤੇ ਸਾਰਾ ਅਨੰਦ ਮੁੱਕ ਗਿਆ ਸੀ। ਉਸ ਨੇ ਸ਼ਾਂਤ ਹੋਣਾ ਨਾ ਚਾਹਿਆ ਪਰ ਆਖਿਆ, "ਮੈਂ ਪਤਾਲ [ਕਬਰ] ਵਿੱਚ ਆਪਣੇ ਪੁੱਤ੍ਰ ਕੋਲ ਰੋਂਦਾ ਰੋਂਦਾ ਉਤਰਾਂਗਾ" (37:35)। ਉਸ ਵੇਲੇ, ਉਹ ਇਕ ਹਨੇਰੇ ਵਾਲੀ ਸੁਰੰਗ ਵਿਚ ਵੜ੍ਹ ਗਿਆ ਜੋ ਲੱਗਦਾ ਹੈ ਕਿ ਖਤਮ ਨਹੀਂ ਸੀ ਹੁੰਦੀ ਅਤੇ ਇਸ ਵਿਚ ਕੋਈ ਰੌਸ਼ਨੀ ਨਹੀਂ ਸੀ ਅਤੇ ਇਸ ਦੇ ਅੰਤ ਤੱਕ ਹਨੇਰਾ ਹੀ ਹਨੇਰਾ ਸੀ।

ਕਈ ਵਰਿਹਾਂ ਬਾਅਦ, ਯਾਕੂਬ ਦੇ ਪੁੱਤਰ ਅੰਨ ਖਰੀਦਣ ਦੇ ਲਈ ਮਿਸਰ ਵਿਚ ਗਏ ਅਤੇ ਉੱਥੇ ਉਨ੍ਹਾਂ ਦੀ ਮੁਲਾਕਾਤ ਇਕ ਸ਼ਕਤੀ ਹਾਕਮ (ਯੂਸੁਫ਼) ਨਾਲ ਹੋਈ ਜਿਸ ਨੇ ਉਨ੍ਹਾਂ ਤੇ ਖੋਜੀ

ਹੋਣ ਦਾ ਦੋਸ਼ ਲਗਾਇਆ। ਉਸ ਨੇ ਸ਼ਿਮਓਨ ਨੂੰ ਕੈਦ ਕਰ ਲਿਆ ਅਤੇ ਉਨ੍ਹਾਂ ਨੂੰ ਆਖਿਆ ਕਿ ਉਨ੍ਹਾਂ ਦੇ ਲਈ ਹੋਰ ਅੰਨ ਖਰੀਦਣ ਦਾ ਸਿਰਫ ਇੱਕੋ ਤਰੀਕਾ ਇਹ ਹੈ ਕਿ ਅਗਲੀ ਵਾਰ ਜਦੋਂ ਉਹ ਅੰਨ ਖਰੀਦਣ ਦੇ ਲਈ ਆਉਣ ਤਾਂ ਉਹ ਆਪਣੇ ਸਭ ਤੋਂ ਛੋਟੇ ਭਰਾ ਬਿਨਯਾਮੀਨ ਨੂੰ ਆਪਣੇ ਨਾਲ ਲੈ ਕੇ ਆਉਣ। ਭਰਾ ਕਨਾਨ ਨੂੰ ਆਪਣੇ ਘਰ ਪਰਤ ਗਏ ਅਤੇ ਆਪਣੇ ਪਿਤਾ ਨੂੰ ਜਾ ਕੇ ਦੱਸਿਆ ਕਿ ਮਿਸਰੀ ਹਾਕਮ ਨੇ ਸਾਡੇ ਕੋਲੋਂ ਇਹ ਮੰਗ ਕੀਤੀ ਹੈ, ਪਰ ਯਾਕੂਬ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਉਨ੍ਹਾਂ ਦੇ ਨਾਲ ਮਿਸਰ ਵਿਚ ਘੱਲਣ ਤੋਂ ਇਨਕਾਰ ਕਰ ਦਿੱਤਾ। ਉਸ ਦੇ ਜਵਾਬ ਨੇ ਗੁੱਸੇ ਅਤੇ ਭਰੋਸੇ ਦੀ ਕਮੀ ਨੂੰ ਵਿਖਾਇਆ ਅਤੇ ਇਹ ਇਸ ਗੱਲ ਦਾ ਸੰਕੇਤ ਦਿੰਦਾ ਸੀ ਕਿ ਉਹ ਹਾਲੇ ਵੀ ਦੁਖੀ ਅਤੇ ਟੁੱਟਾ ਹੋਇਆ ਮਨੁੱਖ ਸੀ। ਉਸ ਨੇ ਆਪਣੇ ਪੁੱਤਰਾਂ ਨੂੰ ਆਖਿਆ, "ਤੁਸੀਂ ਮੈਨੂੰ ਔਤ ਕੀਤਾ। ਯੂਸੁਫ਼ ਹੈ ਨਹੀਂ ਅਤੇ ਸ਼ਿਮਓਨ ਵੀ ਹੈ ਨਹੀਂ। ਬਿਨਯਾਮੀਨ ਨੂੰ ਤੁਸੀਂ ਲੈ ਜਾਓਗੇ। ਏਹ ਸਾਰੀਆਂ ਗੱਲਾਂ ਮੇਰੇ ਵਿਰੁੱਧ ਹੋਈਆਂ ਹਨ" (42:36)।

ਫਿਰ ਵੀ, ਜਦੋਂ ਕਾਲ ਪੈਣਾ ਜਾਰੀ ਰਿਹਾ ਅਤੇ ਭੁੱਖਮਰੀ ਦੇ ਕਾਰਣ ਉਸ ਦਾ ਸਾਰਾ ਪਰਿਵਾਰ ਖ਼ਤਰੇ ਵਿਚ ਆ ਗਿਆ, ਤਾਂ ਬਜ਼ੁਰਗ ਪੁਰਖੇ ਦਾ ਦਿਲ ਥੋੜ੍ਹਾ ਨਰਮ ਹੋ ਗਿਆ। ਉਸ ਨੇ ਆਪਣੇ ਵਿਰੋਧ ਤੇ ਦੁਬਾਰਾ ਵਿਚਾਰ ਕੀਤਾ ਜਦੋਂ ਯਹੂਦਾਹ ਨੇ ਉਸ ਨੂੰ ਆਖਿਆ ਕਿ ਉਹ ਬਿਨਯਾਮੀਨ ਦੀ ਸੁਰੱਖਿਆ ਦੇ ਲਈ ਜਾਮਨ ਹੋਵੇਗਾ। ਇਸ ਦਾ ਅਰਥ ਇਹ ਸੀ ਕਿ ਉਸ ਦਾ ਪਿਤਾ ਉਸ ਨੂੰ ਵਿਅਕਤੀਗਤ ਤੌਰ ਤੇ ਜ਼ਿੰਮੇਵਾਰ ਠਹਿਰਾ ਸਕਦਾ ਸੀ ਜੇਕਰ ਉਹ ਆਪਣੇ ਸਭ ਤੋਂ ਛੋਟੇ ਭਰਾ ਨੂੰ ਸੁਰੱਖਿਅਤ ਘਰ ਵਾਪਸ ਲੈ ਕੇ ਨਾ ਆਇਆ।

ਜਦੋਂ ਯਾਕੂਬ ਦੇ ਪੁੱਤਰ ਇਹ ਖ਼ਬਰ ਲੈ ਕੇ ਮਿਸਰ ਤੋਂ ਵਾਪਸ ਆਏ ਕਿ ਯੂਸੁਫ਼ ਜੀਉਂਦਾ ਹੈ ਅਤੇ ਮਿਸਰ ਦੀ ਸਰਕਾਰ ਵਿਚ ਇਕ ਸ਼ਕਤੀਸ਼ਾਲੀ ਹਾਕਮ ਹੈ, ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੂਰੇ ਪਰਿਵਾਰ ਦੇ ਮਿਸਰ ਨੂੰ ਜਾਣ ਦੇ ਲਈ – ਫ਼ਿਰਊਨ ਦੀ ਬਰਕਤ ਨਾਲ – ਸਾਰੇ ਪ੍ਰਬੰਧ ਕਰ ਲਏ ਗਏ ਸਨ। ਉਨ੍ਹਾਂ ਨੇ ਯੂਸੁਫ਼ ਦੇ ਨੇੜੇ ਰਹਿਣਾ ਸੀ ਅਤੇ ਜ਼ਮੀਨ ਦੀ ਸਭ ਤੋਂ ਉੱਤਮ ਪੈਦਾਵਾਰ ਦਾ ਅਨੰਦ ਮਾਣਨਾ ਸੀ।

ਉਸ ਸੰਦੇਸ਼ ਨੇ ਯਾਕੂਬ ਵਿਚ ਆਤਮਿਕ ਜੀ ਉੱਠਣ ਨੂੰ ਪੈਦਾ ਕਰ ਦਿੱਤਾ ਸੀ। 130 ਸਾਲਾਂ ਦੀ ਉਮਰ ਵਿਚ (47:9), ਉਹ ਆਤਮਾ ਵਿਚ ਮਰਿਆ ਹੋਇਆ ਸੀ; ਉਸ ਦਾ ਸਰੀਰ ਬਿਨਾਂ ਕਿਸੇ ਆਸ ਦੇ ਬੇਜਾਨ ਹੱਡੀਆਂ ਦੀ ਬੋਰੀ ਵਰਗਾ ਸੀ। ਫਿਰ ਵੀ, "ਜਦ ਉਸ ਨੇ [ਸਾਰੇ] ਗੱਡੇ [ਅੰਨ ਨਾਲ ਲੱਦੇ ਹੋਏ] ਜਿਹੜੇ ਯੂਸੁਫ਼ ਨੇ ਘੱਲੇ ਸਨ ਡਿੱਠੇ," ਉਸ ਦੀ "ਜਾਨ ਵਿੱਚ ਜਾਨ ਆਈ"; ਇਕ ਨਵੀਂ ਆਸ ਨਾਲ, ਉਸ ਨੇ ਆਖਿਆ, "ਏਹੋ ਬੱਸ ਹੈ ਕਿ ਮੇਰਾ ਪੁੱਤ੍ਰ ਯੂਸੁਫ਼ ਅਜੇ ਜੀਉਂਦਾ ਹੈ। ਮੈਂ ਜਾਵਾਂਗਾ ਅਰ ਆਪਣੇ ਮਰਨ ਤੋਂ ਪਹਿਲਾਂ ਉਸ ਨੂੰ ਵੇਖਾਂਗਾ" (45:27, 29)।[18]

ਜਦੋਂ ਯਾਕੂਬ ਅਤੇ ਉਸ ਦੇ ਪਰਿਵਾਰ ਨੇ ਹਬਰੋਨ ਤੋਂ ਮਿਸਰ ਨੂੰ ਜਾਣ ਦੇ ਲਈ ਆਪਣਾ ਲੰਬਾ ਸਫਰ ਸ਼ੁਰੂ ਕੀਤਾ, ਉਹ ਬਏਰਸਬਾ ਵਿਚ ਜਾ ਕੇ ਰੁਕੇ। ਉੱਥੇ, ਪੁਰਖੇ ਨੇ ਪਰਮੇਸ਼ੁਰ ਲਈ ਬਲੀਆਂ ਚੜ੍ਹਾਈਆਂ (46:1)। ਇਹ ਧੰਨਵਾਦ ਦੀਆਂ ਭੇਟਾਂ ਯੂਸੁਫ਼ ਨੂੰ ਮਿਲੀਆਂ ਬਰਕਤਾਂ ਅਤੇ ਉਸ ਦੇ ਜੀਵਨ ਨੂੰ ਸੰਭਾਲ ਕੇ ਰੱਖਣ ਦੇ ਲਈ ਦਿੱਤੀਆਂ ਗਈਆਂ ਹੋਣਗੀਆਂ ਤਾਂ ਕਿ ਉਸ ਦਾ ਬੁੱਢਾ ਪਿਤਾ ਉਸ ਨੂੰ ਮਿਸਰ ਵਿਚ ਜਾ ਕੇ ਦੁਬਾਰਾ ਮਿਲ ਸਕਦਾ। ਇਸ ਮੌਕੇ ਤੇ, ਯਾਕੂਬ ਨੇ ਪਰਮੇਸ਼ੁਰ ਨਾਲ ਸੌਦੇਬਾਜ਼ੀ ਕਰਨ ਜਾਂ ਪਰਮੇਸ਼ੁਰ ਦੇ ਸਾਹਮਣੇ ਸ਼ਰਤਾਂ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ, ਜਿਵੇਂ ਕਿ ਉਸ ਨੇ ਉਸ ਸਮੇਂ ਕੀਤਾ ਸੀ ਜਦੋਂ ਉਹ ਜਵਾਨ ਸੀ ਅਤੇ ਏਸਾਓ ਦੇ ਕਰੋਧ ਤੋਂ ਡਰ ਦੇ ਮਾਰੇ ਭੱਜਦਾ ਫਿਰਦਾ ਸੀ (28:20-22)। ਕਈ ਸਾਲਾਂ ਦੇ ਬਾਅਦ, ਉਸ ਨੇ ਉਸ ਪਰਮੇਸ਼ੁਰ ਦੀ ਮਹਾਨਤਾ, ਦਯਾ ਅਤੇ ਕਿਰਪਾ ਨੂੰ ਸਮਝਣਾ ਸ਼ੁਰੂ ਕੀਤਾ, ਜਿਸ ਨੇ ਯੂਸੁਫ਼ ਨੂੰ ਸੰਭਾਲ ਕੇ ਰੱਖਿਆ ਸੀ ਅਤੇ ਉਸ ਦੇ ਪੂਰੇ ਪਰਿਵਾਰ ਦਾ ਮਿਸਰ ਵਿਚ ਦੁਬਾਰਾ ਮੇਲ ਮਿਲਾਪ

ਕਰਵਾਇਆ ਸੀ।

ਯਾਕੂਬ ਦਾ ਪਰਿਵਾਰ ਬਹੁਤ ਸਾਰੇ ਚੰਗੇ ਅਤੇ ਬੁਰੇ ਸਮਿਆਂ ਵਿੱਚੋਂ ਗੁਜਰਿਆਂ, ਉਨ੍ਹਾਂ ਨੇ ਬਹੁਤ ਸਾਰੀਆਂ ਜਿੱਤਾਂ ਅਤੇ ਹਾਰਾਂ ਵੇਖੀਆਂ, ਪਾਪ ਭਰੀ ਈਰਖਾ ਅਤੇ ਲੜਾਈ ਝਗੜੇ ਦੇ ਕਾਰਣ ਉਨ੍ਹਾਂ ਦੇ ਪਰਿਵਾਰ ਵਿਚ ਅਨੰਦ ਦੇ ਮੌਕੇ ਦੁੱਖ ਵਿਚ ਬਦਲ ਗਏ। ਇਨ੍ਹਾਂ ਸਭਨਾਂ ਵਿੱਚੋਂ ਗੁਜਰਣ ਦੇ ਬਾਵਜੂਦ, ਪਰਮੇਸ਼ੁਰ ਦਾ ਦੈਵੀ ਹੱਥ ਉਨ੍ਹਾਂ ਦੇ ਜੀਵਨਾਂ ਵਿਚ ਕੰਮ ਕਰਦਾ ਸੀ। ਹੁਣ ਫ਼ਿਰਊਨ ਨੂੰ ਪ੍ਰਭਾਵਿਤ ਕਰਨ ਦੇ ਲਈ ਯੂਸੁਫ਼ ਨੂੰ ਇਸਤੇਮਾਲ ਕਰਦਿਆਂ, ਪਰਮੇਸ਼ੁਰ ਮਿਸਰ ਵਿਚ ਉਨ੍ਹਾਂ ਨੂੰ ਜਿਸ ਚੀਜ਼ ਦੀ ਲੋੜ ਸੀ ਉਹ ਸਭ ਕੁਝ ਮੁਹੱਈਆ ਕਰਵਾ ਰਿਹਾ ਸੀ। ਉਸ ਥਾਂ ਵਿਚ, ਇਸਰਾਏਲੀ ਲੋਕ ਗਿਣਤੀ ਵਿਚ ਵਧਦੇ ਜਾਣਗੇ ਅਤੇ ਇਕ ਵੱਡੀ ਕੌਮ ਬਣ ਜਾਣਗੇ, ਜਿਵੇਂ ਕਿ ਯਹੋਵਾਹ ਨੇ ਵਾਇਦਾ ਕੀਤਾ ਸੀ।

ਬਏਰਸਬਾ ਵਿਚ ਯਾਕੂਬ ਦੇ ਪਰਮੇਸ਼ੁਰ ਨੂੰ ਬਲੀਆਂ ਚੜ੍ਹਾਉਣ ਅਤੇ ਬੰਦਗੀ ਕਰਨ ਤੋਂ ਬਾਅਦ, ਯਹੋਵਾਹ ਨੇ ਖੁਸ਼ਖ਼ਬਰੀ ਦੇ ਨਾਲ ਉਸ ਨੂੰ ਇਕ ਵਾਰ ਫੇਰ ਦਰਸ਼ਣ ਦਿੱਤਾ। ਉਸ ਨੇ ਯਾਕੂਬ ਨੂੰ ਇਹ ਤਾਕੀਦ ਕੀਤੀ ਕਿ ਮਿਸਰ ਨੂੰ ਜਾਣ ਤੋਂ ਨਾ ਡਰ, ਕਿਉਂਕਿ ਉਹ ਉਸ ਦੇ ਸੰਗ ਜਾਵੇਗਾ[19] ਅਤੇ ਉੱਥੇ ਆਪਣੇ ਲੋਕਾਂ ਨੂੰ ਇਕ ਵੱਡੀ ਕੌਮ ਬਣਾਵੇਗਾ। ਉਸ ਨੇ ਯਾਕੂਬ ਨੂੰ ਇਹ ਵਾਇਦਾ ਵੀ ਦਿੱਤਾ ਕਿ ਇਕ ਦਿਨ ਉਹ ਉਸ ਨੂੰ ਕਨਾਨ ਵਿਚ ਵਾਪਸ ਲੈ ਕੇ ਆਵੇਗਾ ਅਤੇ ਯੂਸੁਫ਼ ਉਸ ਦੀਆਂ ਅੱਖਾਂ ਉੱਤੇ ਆਪਣਾ ਹੱਥ ਧਰੇਗਾ (46:2-4)।

ਜਦੋਂ ਯਾਕੂਬ ਆਪਣੇ ਪਰਿਵਾਰ ਨਾਲ ਮਿਸਰ ਵਿਚ ਆਇਆ, ਯੂਸੁਫ਼ ਆਪਣੇ ਪਿਤਾ ਅਤੇ ਆਪਣੇ ਪੰਜ ਭਰਾਵਾਂ ਨੂੰ ਮਹਿਲ ਵਿਚ ਫ਼ਿਰਊਨ ਦੇ ਸਾਹਮਣੇ ਲੈ ਗਿਆ। ਯਾਕੂਬ ਨੇ ਆਪਣਾ ਕਦਮ ਅੱਗੇ ਵਧਾਇਆ ਅਤੇ ਰਾਜੇ ਨੂੰ ਉਨ੍ਹਾਂ ਸਭ ਗੱਲਾਂ ਦੇ ਲਈ ਜੋ ਉਸ ਨੇ ਯੂਸੁਫ਼ ਲਈ ਕੀਤੀਆਂ ਸਨ ਅਤੇ ਉਨ੍ਹਾਂ ਉੱਤੇ ਕਿਰਪਾ ਕਰਕੇ ਪੂਰੇ ਪਰਿਵਾਰ ਦੇ ਲਈ ਅੰਨ ਅਤੇ ਹੋਰ ਚੀਜ਼ਾਂ ਦਾ ਪ੍ਰਬੰਧ ਕਰਨ ਦੇ ਲਈ ਬਰਕਤ ਦਿੱਤੀ (47:7)। ਫ਼ਿਰਊਨ ਨੇ ਉਸ ਨੂੰ ਪੁੱਛਿਆ, "ਤੇਰੀ ਉਮਰ ਕਿੰਨਿਆਂ ਵਰਿਹਾਂ ਦੀ ਹੈ?" (47:8)। ਬਿਨਾਂ ਝਿੱਜਕੇ, ਯਾਕੂਬ ਨੇ ਰਾਜੇ ਨੂੰ ਦੋ ਸ਼ਿਕਾਇਤਾਂ ਕਰਦੇ ਹੋਏ ਅਜੀਬ ਢੰਗ ਨਾਲ ਉੱਤਰ ਦਿੱਤਾ। ਪਹਿਲੀ ਸ਼ਿਕਾਇਤ, ਉਸ ਨੇ ਇਹ ਆਖਿਆ ਕਿ ਉਹ 130 ਵਰਿਹਾਂ ਦਾ ਸੀ ਪਰ ਉਸ ਦੀ ਮੁਸਾਫਰੀ ਦੇ ਦਿਨ ਉਸ ਦੇ ਪਿਉ ਦਾਦਿਆਂ ਦੀ ਮੁਸਾਫਰੀ ਦੇ ਜੀਵਨ ਦੇ ਵਰਿਹਾਂ ਦੇ ਬਰਾਬਰ ਨਹੀਂ ਸੀ ਹੋਏ। ਦੂਜੀ ਗੱਲ, ਉਸ ਨੇ ਇਹ ਸ਼ਿਕਾਇਤ ਕੀਤੀ ਕਿ ਉਸ ਦੇ ਜੀਵਨ ਦੇ ਦਿਨ "ਬੁਰੇ" ਹੋਏ ਸਨ (47:9)। ਫ਼ਿਰਊਨ ਨੇ ਪੁਰਖੇ ਨੂੰ ਇਸ ਆਖ਼ਰੀ ਗੱਲ ਨੂੰ ਵਿਸਤਾਰ ਨਾਲ ਦੱਸਣ ਦੇ ਲਈ ਨਹੀਂ ਆਖਿਆ। ਯੂਸੁਫ਼ ਨੇ ਸ਼ਾਇਦ ਰਾਜੇ ਨੂੰ ਪਹਿਲਾਂ ਹੀ ਦੱਸ ਦਿੱਤਾ ਕਿ ਉਸ ਦੇ ਪਿਤਾ ਨੇ ਕਿਵੇਂ ਦੁੱਖ ਝੱਲਿਆ ਸੀ ਅਤੇ ਵੀਹ ਵਰਿਹਾਂ ਤੋਂ ਵੀ ਵੱਧ ਉਹ ਇਹ ਸੋਚ ਕੇ ਸੋਗ ਕਰਦਾ ਰਿਹਾ ਸੀ ਕਿ ਯੂਸੁਫ਼ ਮਰ ਗਿਆ ਹੈ। ਆਪਣੇ ਬਾਰੇ ਹੋਰ ਜ਼ਿਆਦਾ ਦੱਸੇ ਬਿਨਾਂ, ਯਾਕੂਬ ਨੇ ਇਕ ਵਾਰ ਫੇਰ ਰਾਜੇ ਨੂੰ ਬਰਕਤ ਦਿੱਤੀ, ਬੇਸ਼ੱਕ ਉਸ ਦੀ ਕਿਰਪਾ ਅਤੇ ਖੁੱਲ੍ਹਦਿਲੀ ਦੇ ਲਈ ਅਤੇ ਫਿਰ ਉਹ ਮਹਿਲ ਵਿੱਚੋਂ ਚਲਾ ਗਿਆ (47:7-10)।

ਫਿਰ ਵੀ, ਕੋਈ ਵੀ ਇਹ ਸੋਚ ਸਕਦਾ ਹੈ ਕਿ "ਯਾਕੂਬ ਵਰਗੇ ਗੁਮਨਾਮ ਅਯਾਲੀ ਨੇ ਅਜਿਹਾ ਕੀ ਕੀਤਾ ਸੀ ਕਿ ਉਸ ਦਾ ਜਨਾਜ਼ਾ ਇੰਨੇ ਸ਼ਾਨਦਾਰ ਢੰਗ ਨਾਲ ਕੀਤਾ ਗਿਆ ਸੀ, ਜਿਵੇਂ ਕਿ ਉਹ ਮਿਸਰੀ ਸਰਕਾਰ ਵਿਚ ਕੋਈ ਉੱਚ-ਅਧਿਕਾਰੀ ਹੋਵੇ?" ਇਸ ਦਾ ਜਵਾਬ ਤਿੰਨ ਹਿੱਸਿਆਂ ਵਿਚ ਆਉਂਦਾ ਹੈ।

ਪਹਿਲਾ, ਉਸ ਨੇ ਇਕ ਅਜਿਹੇ ਪੁੱਤਰ ਅਰਥਾਤ ਯੂਸੁਫ਼ ਨੂੰ ਪੈਦਾ ਕੀਤਾ ਸੀ, ਜਿਹੜਾ ਗੁਲਾਮੀ ਦੇ ਸਮੇਂ ਦੌਰਾਨ ਸਿਆਣਾ ਜਾਂ ਪਰਿਪੱਕ ਹੋ ਗਿਆ ਅਤੇ ਫ਼ਿਰਊਨ ਦਾ ਇਕ ਈਮਾਨਦਾਰ ਅਤੇ ਵਫ਼ਾਦਾਰ ਦਾਸ ਸਾਬਤ ਹੋਇਆ। ਮਿਸਰ ਦਾ ਹਾਕਮ ਹੋਣ ਦੇ ਨਾਤੇ, ਉਹ ਅਧੀਨ ਰਿਹਾ

ਅਤੇ ਆਪਣੀ ਸਾਰੀ ਬੁੱਧ ਅਤੇ ਉਨ੍ਹਾਂ ਫ਼ੈਸਲਿਆਂ ਦੀ ਸਾਰੀ ਸੋਭਾ ਪਰਮੇਸ਼ੁਰ ਨੂੰ ਦਿੱਤੀ ਜਿਨ੍ਹਾਂ ਦੇ ਕਾਰਣ ਮਿਸਰ ਅਤੇ ਉਸ ਦੇ ਆਲੇ-ਦੁਆਲੇ ਦੇ ਦੇਸ ਭੁੱਖਮਰੀ ਤੋਂ ਬਚ ਗਏ।

ਦੂਜਾ, ਇਕ ਹੋਰ ਜ਼ਰੂਰੀ ਗੱਲ ਯਾਕੂਬ ਦੇ ਲੋਕਾਂ, ਅਬਰਾਹਾਮ ਦੀ ਅੰਸ ਦੀਆਂ ਆਸਾਂ ਅਤੇ ਸੁਫਨੇ ਸਨ। ਪਰਮੇਸ਼ੁਰ ਨੇ ਮਿਸਰ ਵਿਚ ਚਾਰ ਸੌ ਵਰਿਹਾਂ ਦੇ ਲਈ ਉਨ੍ਹਾਂ ਨੂੰ ਇਕ ਘਰ ਦੇਣ ਦਾ ਵਾਇਦਾ ਕੀਤਾ ਸੀ, ਤਾਂ ਕਿ ਉਹ ਇਕ ਵੱਡੀ ਕੌਮ ਬਣ ਸਕਦੇ (15:13-16) ਅਤੇ ਫਿਰ ਇਕ ਦਿਨ ਉਹ ਵਾਇਦੇ ਦੇ ਦੇਸ (ਕਨਾਨ) ਵਿਚ ਵਾਪਸ ਆ ਸਕਦੇ।

ਯਾਕੂਬ ਨੇ ਇਕ ਵਾਰ ਫੇਰ ਉਤਸ਼ਾਹ ਨਾਲ ਜੀਉਣ ਦਾ ਕਾਰਣ ਦੱਸਿਆ। ਹਾਲਾਂਕਿ ਅਸੀਂ ਉਸ ਦੇ ਜੀਵਨ ਦੇ ਆਖ਼ਰੀ ਸਤਾਰਾਂ ਵਰਿਹਾਂ ਦੇ ਬਾਰੇ ਬਹੁਤ ਘੱਟ ਜਾਣਦੇ ਹਾਂ, ਸਾਨੂੰ ਦੱਸਿਆ ਗਿਆ ਹੈ ਕਿ ਉਸ ਨੇ ਯੂਸੁਫ਼ ਦੇ ਪੁੱਤਰਾਂ, ਇਫ਼ਰਾਈਮ ਅਤੇ ਮਨੱਸ਼ਹ ਨੂੰ ਗੋਦ ਲਿਆ ਅਤੇ ਉਨ੍ਹਾਂ ਨੂੰ ਉਸ ਦੇ ਆਪਣੇ ਪੁੱਤਰਾਂ ਵਜੋਂ ਅਸੀਸ ਦਿੱਤੀ (48:9-22; ਇਬਰਾਨੀਆਂ 11:21)। ਇਸ ਤੋਂ ਇਲਾਵਾ, ਉਸ ਨੇ ਹੋਰਨਾਂ ਪੁੱਤਰਾਂ ਨੂੰ ਉਨ੍ਹਾਂ ਦੇ ਭਵਿੱਖ ਅਤੇ ਉਨ੍ਹਾਂ ਦੇ ਵੰਸ਼ ਸੰਬੰਧੀ ਅਸੀਸ ਦਿੱਤੀ। ਉਸ ਦੇ ਪਰਿਵਾਰ ਦੇ ਇਰਦ-ਗਿਰਦ ਰਹਿੰਦੇ ਹੋਏ, ਉਸ ਨੇ ਮਿਸਰ ਵਿਚ ਪਰਮੇਸ਼ੁਰ ਦੀਆਂ ਬਰਕਤਾਂ ਦਾ ਖ਼ੂਬ ਅਨੰਦ ਮਾਣਿਆ। ਮਰਨ ਤੋਂ ਪਹਿਲਾਂ ਯਾਕੂਬ ਉਨ੍ਹਾਂ ਦੇ ਲਈ ਨਿਹਚਾ ਅਤੇ ਭਵਿੱਖ ਲਈ ਆਸ ਦੀ ਇਕ ਮਜ਼ਬੂਤ ਵਿਰਾਸਤ ਛੱਡ ਗਿਆ।

ਤੀਜਾ, ਯਾਕੂਬ ਨੇ ਖੁਦ ਅਨੁਭਵ ਕਰਕੇ ਇਹ ਜਾਣਿਆ ਸੀ ਕਿ ਪਰਮੇਸ਼ੁਰ ਦੇ ਵਾਇਦੇ ਸੱਚੇ ਸਨ। ਇਸ ਤੱਥ ਦੇ ਬਾਵਜੂਦ ਕਿ ਉਸ ਦਾ ਜੀਵਨ ਦੁੱਖਾਂ ਅਤੇ ਹਾਰਾਂ ਨਾਲ ਵਿਗੜਿਆ ਪਿਆ ਸੀ, ਇਸ ਦੇ ਵਿਚ ਸਫ਼ਲਤਾਵਾਂ ਅਤੇ ਜਿੱਤਾਂ ਵੀ ਰਲੀਆਂ ਹੋਈਆਂ ਸਨ। ਯਹੋਵਾਹ ਨੇ ਦੈਵੀ ਢੰਗ ਨਾਲ ਆਪਣੀ ਮਨਸ਼ਾ ਦੇ ਅਨੁਸਾਰ ਯਾਕੂਬ ਅਤੇ ਉਸ ਦੀ ਅੰਸ ਦੇ ਜੀਵਨ ਵਿਚ ਜਿੰਨੀਆਂ ਵੀ ਘਟਨਾਵਾਂ ਵਾਪਰੀਆਂ ਉਨ੍ਹਾਂ ਤੋਂ ਭਲਾਈ ਹੀ ਉਤਪੰਨ ਕੀਤੀ (ਰੋਮੀਆਂ 8:28)।

ਪਿਤਾ ਜਿਸ ਨੇ ਇਕ ਵਾਰ ਕਿਹਾ ਸੀ ਕਿ ਉਹ ਸੋਗ ਨਾਲ ਉਸ ਦੀ ਕਬਰ ਵਿਚ ਉਤਰੇਗਾ ਅਸਲ ਵਿਚ ਜਦੋਂ ਮਰਿਆ ਤਾਂ ਯੂਸੁਫ਼ ਨੇ ਉਸ ਦੀਆਂ ਅੱਖਾਂ ਉੱਤੇ ਆਪਣਾ ਹੱਥ ਧਰਿਆ ਅਤੇ ਉਸ ਦੀ ਦੇਹ ਨੂੰ ਵਾਪਸ ਮਕਫੇਲਾਹ ਦੀ ਗੁਫਾ ਵਿਚ ਲੈ ਗਿਆ। ਉਹ ਇਹ ਜਾਣਦੇ ਹੋਏ ਮਰਿਆ ਕਿ ਉਸ ਦੀ ਅੰਸ ਇਕ ਦਿਨ ਕਨਾਨ ਵਿਚ ਪਰਤ ਆਵੇਗੀ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਦਿੱਤੀ ਮਿਲਖ ਦੇ ਰੂਪ ਉਹ ਜ਼ਮੀਨ ਮਿਲੇਗੀ। ਨਿਹਚਾ ਅਤੇ ਆਸ ਜੋ ਯਾਕੂਬ ਨੇ ਆਪਣੇ ਜੀਵਨ ਦੇ ਆਖ਼ਰੀ ਸਮੇਂ ਵਿਚ ਵਿਖਾਈ ਸੀ ਉਸ ਨੇ ਯੂਸੁਫ਼ ਨੂੰ ਫ਼ਿਰਊਨ ਨੂੰ ਆਪਣੀ ਆਖ਼ਰੀ ਇੱਛਾ ਦੱਸਣ ਦੇ ਲਈ ਉਤਸ਼ਾਹਿਤ ਕੀਤਾ ਅਤੇ ਰਾਜੇ ਨੇ ਆਪਣੇ ਮਿਸਰੀ ਸਿਪਾਹੀਆਂ ਅਤੇ ਉਸ ਦੇ ਉੱਚ-ਅਧਿਕਾਰੀਆਂ ਨੂੰ ਯੂਸੁਫ਼ ਦੇ ਪਰਿਵਾਰ ਅਤੇ ਪੁਰਖੇ ਦੀ ਦੇਹ ਨੂੰ ਕਨਾਨ ਵਿਚ ਇਸ ਦੇ ਅਰਾਮ ਕਰਨ ਦੇ ਆਖ਼ਰੀ ਸਥਾਨ ਤੇ ਨਾਲ ਜਾਣ ਦਾ ਹੁਕਮ ਦਿੱਤਾ। ਇਹ ਫ਼ਿਰਊਨ ਦੇ ਵਫ਼ਾਦਾਰ ਦਾਸ ਯਾਕੂਬ ਦੇ ਪ੍ਰਤਿਸ਼ਠਿਤ ਪਿਤਾ ਨੂੰ ਆਖ਼ਰੀ ਸ਼ਰਧਾਂਜਲੀ ਸੀ ਅਤੇ ਯਾਕੂਬ ਦੀ ਇਹ ਨਿਹਚਾ ਕਿ ਪਰਮੇਸ਼ੁਰ ਉਸ ਦੇ ਪਰਿਵਾਰ ਨੂੰ ਵਾਇਦੇ ਦੇ ਦੇਸ ਵਿਚ ਵਾਪਸ ਲੈ ਕੇ ਜਾਵੇਗਾ ਇਸ ਦਾ ਇਕ ਸ਼ਕਤੀਸ਼ਾਲੀ ਸਬੂਤ ਬਣਿਆ ਕਿ ਮੌਤ ਦੀ ਘੜੀ ਵਿਚ ਆਸ ਵਿਸ਼ਵਾਸੀਆਂ ਨੂੰ ਕਿਵੇਂ ਸੰਭਾਲ ਕੇ ਰੱਖਦੀ ਹੈ।

*ਨਵੇਂ ਨੇਮ (ਅਤੇ ਮਸੀਹ ਦੇ ਪਿੱਛੇ ਚੱਲਣ ਵਾਲਿਆਂ ਦੇ ਜੀਵਨਾਂ) ਵਿਚ।* ਨਵੇਂ ਨੇਮ ਵਿਚ ਉਨ੍ਹਾਂ ਲੋਕਾਂ ਦੇ ਬਹੁਤ ਸਾਰੇ ਉਦਾਹਰਣ ਹਨ ਜਿਨ੍ਹਾਂ ਨੇ ਯਿਸੂ ਦੀ ਸਲੀਬੀ ਮੌਤ ਤੋਂ ਇਕ ਆਸ ਨੂੰ ਪ੍ਰਾਪਤ ਕੀਤਾ।

1. ਅਨਾਮ ਡਾਕੂ ਜਿਹੜਾ ਯਿਸੂ ਦੇ ਨਾਲ ਮਰਿਆ ਉਸ ਨੂੰ ਆਸ ਮਿਲੀ ਸੀ। ਸਲੀਬ ਉੱਤੇ ਇਹ ਡਾਕੂ ਕਾਇਦੇ-ਕਾਨੂੰਨਾਂ ਨੂੰ ਮੰਨਣ ਵਾਲੇ ਲੋਕਾਂ ਤੋਂ ਬਹੁਤ ਹੀ ਵੱਖਰਾ ਸੀ ਜਿਹੜੇ ਪ੍ਰਭੂ ਦੀ

ਨਿੱਜੀ ਸੇਵਕਾਈ ਸਮੇਂ ਉਸ ਦੇ ਪਿੱਛੇ-ਪਿੱਛੇ ਚੱਲਦੇ ਸਨ। ਇਹ ਸਪੱਸ਼ਟ ਹੈ ਕਿ ਇਹ ਕੋਈ ਆਮ ਡਾਕੂ ਨਹੀਂ ਸੀ ਕਿਉਂਕਿ ਰੋਮ ਯਹੂਦੀ ਲੋਕਾਂ ਨੂੰ ਆਪਣੇ ਉਨ੍ਹਾਂ ਲੋਕਾਂ ਨੂੰ ਸਮਾਜ ਵਿਚ ਹੀ ਸਜ਼ਾ ਦੇਣ ਦੀ ਇਜਾਜ਼ਤ ਦਿੰਦਾ ਸੀ ਜਿਹੜੇ ਛੋਟੇ-ਮੋਟੇ ਅਪਰਾਧਾਂ ਵਿਚ ਦੋਸ਼ੀ ਪਾਏ ਜਾਂਦੇ ਸਨ। ਇਸ ਲਈ, ਇਸ ਦੋਸ਼ੀ ਡਾਕੂ ਅਤੇ ਦੂਜੇ ਡਾਕੂ ਦੁਆਰਾ ਕੀਤੇ ਗਏ ਅਪਰਾਧ ਰੋਮ ਦੀ ਸਰਕਾਰ ਦੇ ਵਿਰੁੱਧ ਗੰਭੀਰ ਅਪਰਾਧ ਹੋਣਗੇ। ਉਨ੍ਹਾਂ ਦੇ ਅਪਰਾਧਾਂ ਵਿਚ ਸ਼ਾਮਲ ਸੀ ਚੁੰਗੀ ਲੈਣ ਵਾਲਿਆਂ ਨੂੰ ਲੁੱਟਣਾ ਜਾਂ ਉਹ ਪੈਸਾ ਚੋਰੀ ਕਰਨਾ ਜੋ ਰੋਮ ਦੀ ਤਿਜੋਰੀ ਵਿਚ ਜਾਣਾ ਹੁੰਦਾ ਸੀ।

ਸਲੀਬ ਚੜ੍ਹਾਉਣ ਦੀ ਸ਼ੁਰੂਆਤੀ ਪ੍ਰਕਿਰਿਆ ਵਿਚ, ਇਹ ਘੋਰ ਅਪਰਾਧੀ ਅਤੇ ਤੀਜੀ ਸਲੀਬ ਉੱਤੇ ਜੋ ਡਾਕੂ ਟੰਗਿਆ ਹੋਇਆ ਸੀ ਦੋਵੇਂ ਉਨ੍ਹਾਂ ਲੋਕਾਂ ਨਾਲ ਸ਼ਾਮਲ ਹੋ ਗਏ ਜਿਹੜੇ ਯਿਸੂ ਦਾ ਮਜਾਕ ਉਡਾ ਰਹੇ ਸਨ (ਮੱਤੀ 27:44; ਮਰਕੁਸ 15:32)। ਪਰ, ਜਦੋਂ ਉਨ੍ਹਾਂ ਨੇ ਯਿਸੂ ਦਾ ਅਪਮਾਨ ਕਰਨਾ ਅਤੇ ਉਸ ਦਾ ਮਜਾਕ ਉਡਾਉਣਾ ਜਾਰੀ ਰੱਖਿਆ, ਇਸ ਡਾਕੂ ਨੇ ਦੂਜੇ ਡਾਕੂ ਨੂੰ ਇਹ ਕਹਿੰਦੇ ਹੋਏ ਝਿੜਕਿਆ, “ਕੀ ਤੂੰ ਆਪ ਇਸੇ ਕਸ਼ਟ ਵਿੱਚ ਪਿਆ ਹੋਇਆ ਪਰਮੇਸ਼ੁਰ ਕੋਲੋਂ ਨਹੀਂ ਡਰਦਾ?” (ਲੂਕਾ 23:40)। ਉਸ ਨੇ ਇਹ ਮੰਨ ਲਿਆ ਸੀ ਕਿ ਉਨ੍ਹਾਂ ਦੋਵਾਂ ਨੂੰ ਉਨ੍ਹਾਂ ਦੇ ਅਪਰਾਧਾਂ ਦੀ ਉਚਿਤ ਸਜ਼ਾ ਮਿਲੀ ਸੀ ਅਤੇ ਉਸ ਨੇ ਯਿਸੂ ਬਾਰੇ ਇਹ ਪੁਸ਼ਟੀ ਕੀਤੀ ਕਿ “ਉਹ ਨੇ ਕੋਈ ਔਗੁਣ ਨਹੀਂ ਕੀਤਾ” (ਲੂਕਾ 23:41)। ਕਿਸੇ ਨਾ ਕਿਸੇ ਤਰ੍ਹਾਂ, ਇਹ ਡਾਕੂ ਸਮਝ ਗਿਆ ਸੀ ਕਿ ਵਿਚਕਾਰਲੀ ਸਲੀਬ ਤੇ ਜੋ ਮਨੁੱਖ ਟੰਗਿਆ ਹੈ ਨਿਰਦੋਸ਼ ਸੀ ਅਤੇ ਉਸ ਤੇ ਝੂਠਾ ਦੋਸ਼ ਲਗਾ ਕੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਲੂਕਾ 23:34 ਅਨੁਸਾਰ, ਉਸ ਨੇ ਪਹਿਲਾਂ ਹੀ ਯਿਸੂ ਨੂੰ ਇਹ ਪ੍ਰਾਰਥਨਾ ਕਰਦੇ ਸੁਣ ਲਿਆ ਸੀ ਕਿ ਪਰਮੇਸ਼ੁਰ ਇਨ੍ਹਾਂ ਨੂੰ ਮਾਫ਼ ਕਰ ਜਿਹੜੇ ਮੈਨੂੰ ਸਲੀਬ ਉੱਤੇ ਚੜ੍ਹਾ ਰਹੇ ਹਨ। ਸਪੱਸ਼ਟ ਤੌਰ ਤੇ, ਕੋਈ ਵੀ ਵਿਅਕਤੀ ਇਕ ਅਪਰਾਧੀ ਕੋਲੋਂ ਇਸ ਤਰ੍ਹਾਂ ਦਾ ਜਵਾਬ ਸੁਣਨ ਦੀ ਉਮੀਦ ਨਹੀਂ ਕਰੇਗਾ। ਪਸ਼ਚਾਤਾਪੀ ਡਾਕੂ ਨੇ ਯਿਸੂ ਦੀ ਵੱਲ ਆਪਣਾ ਮੂੰਹ ਕਰਕੇ ਆਖਿਆ, “ਹੇ ਯਿਸੂ ਜਾਂ ਤੂੰ ਆਪਣੇ ਰਾਜ ਵਿੱਚ ਆਵੇਂ ਤਾਂ ਮੈਨੂੰ ਚੇਤੇ ਕਰੀਂ!” ਯਿਸੂ ਨੇ ਉੱਤਰ ਦਿੱਤਾ, “ਮੈਂ ਤੈਨੂੰ ਸੱਤ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਸੁਰਗ ਵਿੱਚ ਹੋਵੇਂਗਾ” (ਲੂਕਾ 23:42, 43)।

ਬਾਈਬਲ ਦੀ ਲਿਖਤ ਤੋਂ ਸਾਨੂੰ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ ਇਸ ਡਾਕੂ ਦੀ ਮੌਤ ਨੇ ਸਲੀਬ ਦੇ ਆਲੇ-ਦੁਆਲੇ ਖੜ੍ਹੀ ਭੀੜ ਨੂੰ ਕਿਵੇਂ ਪ੍ਰਭਾਵਿਤ ਕੀਤਾ, ਜਾਂ ਉਸ ਦੀ ਮੌਤ ਦਾ ਭੀੜ ਤੇ ਕੋਈ ਪ੍ਰਭਾਵ ਪਿਆ ਵੀ ਸੀ ਜਾਂ ਨਹੀਂ; ਪਰ ਅਸੀਂ ਇਹ ਜ਼ਰੂਰ ਜਾਣਦੇ ਹਾਂ ਕਿ ਇਸ ਦਾ ਉਸ ਦੇ ਜੀਵਨ ਵਿਚ ਬਚਾਉਣ ਵਾਲਾ ਪ੍ਰਭਾਵ ਜ਼ਰੂਰ ਹੋਇਆ ਸੀ। ਉਸ ਦੇ ਦਿਲ ਦਾ ਬਦਲਣਾ ਸਿਰਫ ਕਿਸੇ ਕਿਸਮ ਦਾ “ਧਰਮ” ਨਹੀਂ ਸੀ ਜੋ ਕੁਝ ਲੋਕ ਆਪਾਤਕਾਲੀਨ ਸਥਿਤੀਆਂ ਵਿਚ ਅਪਨਾਉਂਦੇ ਹਨ, ਪਰਮੇਸ਼ੁਰ ਦੇ ਅੱਗੇ ਵਾਇਦੇ ਕਰਦੇ ਹੋਏ ਜਿਨ੍ਹਾਂ ਨੂੰ ਉਹ ਬਹੁਤ ਛੇਤੀ ਹੀ ਭੁੱਲ ਜਾਂਦੇ ਹਨ ਜਦੋਂ ਖ਼ਤਰਾ ਟਲ ਜਾਂਦਾ ਹੈ। ਜਦੋਂ ਡਾਕੂ ਨੇ ਆਖਿਆ, “ਹੇ ਯਿਸੂ ਜਾਂ ਤੂੰ ਆਪਣੇ ਰਾਜ ਵਿੱਚ ਆਵੇਂ ਤਾਂ ਮੈਨੂੰ ਚੇਤੇ ਕਰੀਂ,” ਉਹ ਯਿਸੂ ਦੁਆਰਾ ਕੀਤੇ ਜਾਣ ਵਾਲੇ ਦਾਅਵਿਆਂ ਵਿਚ ਆਪਣੀ ਨਿਹਚਾ ਨੂੰ ਪਰਗਟ ਕਰ ਰਿਹਾ ਸੀ, ਹਾਲਾਂਕਿ ਉਹ ਸ਼ਾਇਦ ਉਨ੍ਹਾਂ ਬਾਰੇ ਬਹੁਤ ਘੱਟ ਜਾਣਦਾ ਸੀ। ਉਹ ਯਿਸੂ ਅੱਗੇ ਇਹੋ ਮਿੰਨਤ ਕਰ ਰਿਹਾ ਸੀ ਕਿ ਯਿਸੂ ਉਸ ਨੂੰ ਕਿਰਪਾ ਅਤੇ ਮਾਫ਼ ਕਰਨ ਵਾਲੇ ਤਰੀਕੇ ਨਾਲ ਆਪਣੇ ਰਾਜ ਵਿਚ ਚੇਤੇ ਰੱਖੇ, ਜੋ ਕਿ ਉਹ ਸਮਝ ਗਿਆ ਸੀ ਕਿ ਇਸ ਸੰਸਾਰ ਦਾ ਨਹੀਂ ਸੀ ਹੋ ਸਕਦਾ। ਇਸ ਮਰ ਰਹੇ, ਪਸ਼ਚਾਤਾਪੀ ਡਾਕੂ ਦਾ ਉਦਾਹਰਣ ਦੋ ਹਜ਼ਾਰ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਲੋਕਾਂ ਨੂੰ ਇਹ ਜਾਣਨ ਦੀ ਪ੍ਰੇਰਣਾ ਦਿੰਦਾ ਆਇਆ ਹੈ ਕਿ ਹਾਲਾਂਕਿ ਇਹ ਲੋਕਾਂ ਨੂੰ ਮੁਕਤੀ ਵੱਲ ਲਿਆਉਣ ਦਾ ਯਿਸੂ ਦਾ ਰਵਾਇਤੀ ਤਰੀਕਾ ਨਹੀਂ ਸੀ, ਪ੍ਰਭੂ ਨੇ ਇਸ ਵਿਸ਼ਵਾਸੀ ਨੂੰ ਠੁਕਰਾਇਆ ਨਹੀਂ ਜਾਂ ਉਸ ਮੰਦਭਾਗੀ ਘੜੀ ਵਿਚ ਉਸ ਦੀ ਬੇਨਤੀ ਨੂੰ

ਅਸਵੀਕਾਰ ਨਹੀਂ ਕੀਤਾ।

2. ਇਸਤੀਫ਼ਾਨ ਇਕ ਹੋਰ ਵਿਸ਼ਵਾਸੀ ਹੈ ਜਿਸ ਨੂੰ ਆਸ ਨੇ ਸੰਭਾਲਿਆ ਜਦੋਂ ਉਹ ਮੌਤ ਦੇ ਨੇੜੇ ਪਹੁੰਚਿਆ। ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਉਹ ਪਹਿਲਾ ਮਸੀਹੀ ਸ਼ਹੀਦ ਸੀ। ਉਸ ਤੇ "ਮੂਸਾ ਦੇ ਅਤੇ ਪਰਮੇਸ਼ੁਰ ਦੇ ਵਿਰੁੱਧ ਕੁਫ਼ਰ ਬਕਣ" ਦਾ ਝੂਠਾ ਦੋਸ਼ ਲਗਾਇਆ ਗਿਆ ਸੀ (ਰਸੂਲਾਂ ਦੇ ਕਰਤੱਬ 6:8-11)। ਉਸ ਤੇ ਯਹੂਦੀਆਂ ਦੀ ਸਭ ਤੋਂ ਉੱਚੀ ਅਦਾਲਤ ਸੈਨਹੈਡਰਿਨ (ਯਹੂਦੀ ਸਭਾ) ਵਿਚ ਮੁਕੱਦਮਾ ਚਲਾਇਆ ਗਿਆ ਅਤੇ ਉਸ ਦੇ ਵਿਰੁੱਧ ਝੂਠੀ ਗਵਾਹੀ ਦੇਣ ਦੇ ਲਈ ਝੂਠੇ ਗਵਾਹਾਂ ਨੂੰ ਲਿਆਂਦਾ ਗਿਆ (ਰਸੂਲਾਂ ਦੇ ਕਰਤੱਬ 6:12-15)। ਲੰਬੇ ਸਮੇਂ ਤੱਕ ਬਚਾਓ ਕਰਨ ਦੇ ਬਾਅਦ, ਉਸ ਮੁਕੱਦਮੇ ਦਾ ਫ਼ੈਸਲਾ ਆਇਆ ਜਦੋਂ ਇਸਤੀਫ਼ਾਨ ਨੇ ਇਕ ਨਿਰਦੋਸ਼ – "ਧਰਮੀ" (ਰਸੂਲਾਂ ਦੇ ਕਰਤੱਬ 7:52), ਜਿਸ ਦੇ ਬਾਰੇ ਯਸਾਯਾਹ ਨੇ ਗੱਲ ਕੀਤੀ ਸੀ (ਯਸਾਯਾਹ 53:11) – ਨੂੰ ਮੌਤ ਦੀ ਸਜ਼ਾ ਦੇਣ ਦੇ ਲਈ ਆਪਣੇ ਨਿਆਈਆਂ ਨੂੰ ਦੋਸ਼ੀ ਠਹਿਰਾਇਆ। ਇਸ ਸਾਖੀ ਅਤੇ ਹੋਰ ਸਾਖੀ ਦੇ ਕਾਰਣ, ਉਸ ਤੇ ਦੋਸ਼ ਲਾਉਣ ਵਾਲਿਆਂ ਨੇ ਉਸ ਨੂੰ ਸ਼ਹਿਰ ਵਿੱਚੋਂ ਬਾਹਰ ਕੱਢ ਦਿੱਤਾ ਅਤੇ ਉਸ ਨੂੰ ਪਥਰਾਹ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਪੁਕਾਰ ਕੇ ਆਖਿਆ, "ਹੇ ਪ੍ਰਭੂ ਯਿਸੂ, ਮੇਰੇ ਆਤਮਾ ਨੂੰ ਆਪਣੇ ਕੋਲ ਲੈ ਲੈ!" (ਰਸੂਲਾਂ ਦੇ ਕਰਤੱਬ 7:59) ਅਤੇ ਪ੍ਰਾਰਥਨਾ ਕੀਤੀ, "ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜ਼ੁੰਮੇ ਨਾ ਲਾ" (ਰਸੂਲਾਂ ਦੇ ਕਰਤੱਬ 7:60)।

ਇਸਤੀਫ਼ਾਨ ਉਨ੍ਹਾਂ ਦੇ ਲਈ ਕਿਵੇਂ ਪ੍ਰਾਰਥਨਾ ਕਰ ਸਕਦਾ ਸੀ ਜਿਹੜੇ ਉਸ ਨੂੰ ਪਥਰਾਓ ਕਰ ਰਹੇ ਸਨ? ਇਸ ਦਾ ਜਵਾਬ ਇਹ ਹੋਣਾ ਚਾਹੀਦਾ ਹੈ ਕਿ ਉਸ ਨੇ ਸਲੀਬ ਉੱਤੇ ਯਿਸੂ ਦੀ ਮਾਫ਼ੀ ਵਾਲੀ ਪ੍ਰਾਰਥਨਾ ਨੂੰ ਸੁਣ ਲਿਆ ਸੀ: "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ" (ਲੂਕਾ 23:34)। ਉਹ ਯਿਸੂ ਦੇ ਜੀ ਉੱਠਣ ਅਤੇ "ਮਨੁੱਖ ਦੇ ਪੁੱਤ੍ਰ" ਦੇ ਰੂਪ ਵਿਚ ਸੁਰਗ ਨੂੰ ਉਠਾਏ ਜਾਣ ਬਾਰੇ ਵੀ ਜਾਣਦਾ ਸੀ (ਰਸੂਲਾਂ ਦੇ ਕਰਤੱਬ 7:56)। ਇਨ੍ਹਾਂ ਸੱਚਾਈਆਂ ਨੇ ਉਸ ਨੂੰ ਆਸ ਦਿੱਤੀ ਸੀ। ਜਦੋਂ ਉਹ ਮਰਿਆ, ਉਸ ਨੇ ਪਰਤੀਤ ਕੀਤੀ ਸੀ ਕਿ ਜਿਵੇਂ ਯਿਸੂ ਨੇ ਉਸ ਮਰਨ ਵਾਲੇ ਡਾਕੂ ਦੇ ਨਾਲ ਵਾਇਦਾ ਕੀਤਾ ਸੀ, ਉਹ ਫ਼ਿਰਦੌਸ ਵਿਚ ਪ੍ਰਭੂ ਦੇ ਸੰਗ ਹੋਵੇਗਾ (ਲੂਕਾ 23:43)।

3. ਤਰਸੁਸ ਦਾ ਸੌਲੁਸ (ਜਿਸ ਨੂੰ ਬਾਅਦ ਵਿਚ ਪੌਲੁਸ ਰਸੂਲ ਦੇ ਨਾਮ ਨਾਲ ਜਾਣਿਆ ਗਿਆ) ਇਸ ਗੱਲ ਦਾ ਸ਼ਾਨਦਾਰ ਉਦਾਹਰਣ ਹੈ ਕਿ ਇਕ ਵਿਸ਼ਵਾਸੀ ਜੀਵਨ ਅਤੇ ਮੌਤ ਨਾਲ ਕਿਵੇਂ ਪੇਸ਼ ਆਇਆ। ਪਹਿਲਾਂ ਆਪਣੇ ਜੀਵਨ ਵਿਚ, ਉਹ ਮਸੀਹੀਅਤ ਦਾ ਸਭ ਤੋਂ ਵੱਡਾ ਦੁਸ਼ਮਣ ਅਤੇ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨ ਵਾਲਿਆਂ ਨੂੰ ਸਤਾਉਣ ਵਾਲਾ ਸੀ। ਇਕ ਫ਼ਰੀਸੀ ਹੋਣ ਦੇ ਨਾਤੇ, ਯਰੂਸ਼ਲਮ ਵਿਚ ਗਮਲੀਏਲ ਦੇ ਚਰਨਾਂ ਵਿਚ ਸਿੱਖਿਆ ਪ੍ਰਾਪਤ ਕਰਕੇ, ਉਹ ਉਸ ਭੀੜ ਦਾ ਹਿੱਸਾ ਰਿਹਾ ਸੀ ਜਿਸ ਨੇ ਇਸਤੀਫ਼ਾਨ ਨੂੰ ਇਹ ਆਖਦੇ ਸੁਣਿਆ ਸੀ ਕਿ ਉਸ ਨੇ "ਅਕਾਸ਼ ਨੂੰ ਖੁਲ੍ਹਾ ਅਤੇ ਮਨੁੱਖ ਦੇ ਪੁੱਤ੍ਰ ਨੂੰ ਪਰਮੇਸ਼ੁਰ ਦੇ ਸੱਜੇ ਹੱਥ ਖੜਾ ਵੇਖਿਆ ਹੈ" (ਰਸੂਲਾਂ ਦੇ ਕਰਤੱਬ 7:56)। ਸੌਲੁਸ ਨੇ ਸ਼ਾਇਦ ਹੋਰ ਕਈ ਮਨੁੱਖਾਂ ਨੂੰ ਮਰਦੇ ਵੇਖਿਆ ਹੋਵੇਗਾ, ਪਰ ਉਸ ਨੇ ਇਸ ਮਸੀਹੀ ਸ਼ਹੀਦ ਦੀ ਤਰ੍ਹਾਂ ਕਦੇ ਕਿਸੇ ਨੂੰ ਮਰਦੇ ਨਹੀਂ ਸੀ ਵੇਖਿਆ। ਸ਼ਾਇਦ ਇਸਤੀਫ਼ਾਨ ਦੁਆਰਾ ਕਹੇ ਗਏ ਇਨ੍ਹਾਂ ਆਖ਼ਰੀ ਸ਼ਬਦਾਂ ਨੇ ਸੌਲੁਸ ਨੂੰ ਪਰੇਸ਼ਾਨ ਕਰ ਦਿੱਤਾ ਸੀ ਕਿ "ਹੇ ਪ੍ਰਭੂ ਯਿਸੂ, ਮੇਰੇ ਆਤਮਾ ਨੂੰ ਆਪਣੇ ਕੋਲ ਲੈ ਲੈ"; "ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜ਼ੁੰਮੇ ਨਾ ਲਾ" (ਰਸੂਲਾਂ ਦੇ ਕਰਤੱਬ 7:59, 60)। ਇਸਤੀਫ਼ਾਨ ਦੀ ਆਖ਼ਰੀ ਪ੍ਰਾਰਥਨਾ ਸੰਬੰਧੀ, ਜਿਹੜੀ ਸਲੀਬ ਉੱਤੇ ਯਿਸੂ ਦੀਆਂ ਗੱਲਾਂ ਨਾਲ ਸਹਿਮਤ ਸੀ, ਮਹਾਨ ਅਧਿਆਤਮਕ ਸ਼ਾਸਤਰੀ ਅਗੱਸਟਿਨ (354-430 ਈਸਵੀ) ਨੇ ਕਿਹਾ, "ਜੇਕਰ ਇਸਤੀਫ਼ਾਨ ਨੇ ਉਸ ਤਰ੍ਹਾਂ ਪ੍ਰਾਰਥਨਾ ਨਾ ਕੀਤੀ ਹੁੰਦੀ, ਤਾਂ ਕਲੀਸੀਆ ਕੋਲ ਕਦੇ ਪੌਲੁਸ ਨਹੀਂ ਸੀ ਹੋਣਾ।"[20]

ਅਗੱਸਟਿਨ ਦੀ ਕਹੀ ਇਸ ਗੱਲ ਦਾ ਕਾਰਣ ਬਹੁਤ ਛੇਤੀ ਹੀ ਬਾਈਬਲ ਵਿਰਤਾਂਤ ਵਿਚ ਸਪੱਸ਼ਟ ਹੋ ਗਿਆ, ਜਦੋਂ ਪੌਲੁਸ ਨੇ ਮਸੀਹੀ ਲੋਕਾਂ ਨੂੰ ਜ਼ੋਰ-ਸ਼ੋਰ ਨਾਲ ਸਤਾਉਣਾ ਜਾਰੀ ਰੱਖਿਆ। ਇਸਤੀਫ਼ਾਨ ਦੀ ਮੌਤ ਤੋਂ ਥੋੜ੍ਹੇ ਚਿਰ ਬਾਅਦ, ਉਹ ਮਸੀਹੀ ਲੋਕਾਂ ਨੂੰ ਗਿਰਫਤਾਰ ਕਰਕੇ ਉਨ੍ਹਾਂ ਤੇ ਮੁਕੱਦਮਾ ਚਲਾਉਣ ਦੇ ਲਈ ਉਨ੍ਹਾਂ ਨੂੰ ਬੰਨ੍ਹ ਕੇ ਯਰੂਸ਼ਲਮ ਵਿਚ ਲਿਆਉਣ ਦੇ ਲਈ ਦੰਮਿਸ਼ਕ ਨੂੰ ਜਾ ਰਿਹਾ ਸੀ। ਅਚਾਣਕ, ਯਿਸੂ ਉਸ ਦੇ ਸਾਹਮਣੇ ਪਰਗਟ ਹੋਇਆ ਅਤੇ ਆਖਿਆ, "ਹੇ ਸੌਲੁਸ, ਹੇ ਸੌਲੁਸ, ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?" ਸਾਫ਼ ਜ਼ਾਹਿਰ ਹੈ ਕਿ ਉਸ ਨੇ ਹੈਰਾਨ ਹੋ ਕੇ ਉੱਤਰ ਦਿੱਤਾ, "ਪ੍ਰਭੂ ਜੀ, ਤੂੰ ਕੌਣ ਹੈਂ?" ਅੱਗੋਂ ਝੱਟ ਇਹ ਜਵਾਬ ਮਿਲਿਆ: "ਮੈਂ ਯਿਸੂ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ" (ਰਸੂਲਾਂ ਦੇ ਕਰਤੱਬ 9:4, 5)। ਰਸੂਲਾਂ ਦੇ ਕਰਤੱਬ ਪੁਸਤਕ ਵਿਚ ਇਹੀ ਘਟਨਾ ਦੋ ਹੋਰ ਸਮਿਆਂ ਨਾਲ ਸੰਬੰਧਿਤ ਹੈ, ਜਦੋਂ ਪੌਲੁਸ ਨੇ ਇਸ ਨੂੰ ਆਪਣੇ ਸਰੋਤਿਆਂ ਦੇ ਸਾਹਮਣੇ ਪੇਸ਼ ਕੀਤਾ। ਇਸ ਦਾ ਆਖ਼ਰੀ ਜ਼ਿਕਰ ਕੈਸਰਿਯਾ ਵਿਚ ਦੋ ਸਾਲਾਂ ਦੀ ਕੈਦ ਤੋਂ ਬਾਅਦ ਹੋਇਆ। ਪੌਲੁਸ ਨੂੰ ਸੁਣਵਾਈ ਦੇ ਲਈ ਰੋਮੀ ਰਾਜਪਾਲ ਫ਼ੇਸਤੁਸ ਅਤੇ ਰਾਜਾ ਅਗ੍ਰਿੱਪਾ ਦੇ ਸਾਹਮਣੇ ਲਿਆਂਦਾ ਗਿਆ ਅਤੇ ਇਸ ਵਾਰ ਲੂਕਾ ਨੇ ਦੰਮਿਸਕ ਮਾਰਗ ਵਿਚ ਉਸ ਨੂੰ ਕਹੀ ਗਈ ਯਿਸੂ ਦੀ ਇਕ ਹੋਰ ਗੱਲ ਲਿਖੀ। ਪੌਲੁਸ ਨੂੰ ਇਹ ਪੁੱਛਣ ਤੋਂ ਬਾਅਦ ਕਿ ਤੂੰ ਮੈਨੂੰ ਕਿਉਂ ਸਤਾਉਂਦਾ ਹੈ, ਪ੍ਰਭੂ ਨੇ ਆਖਿਆ, "ਪ੍ਰੈਣ ਦੀ ਆਰ ਉੱਤੇ ਲੱਤ ਮਾਰਨੀ ਤੇਰੇ ਲਈ ਔਖੀ ਹੈ" (ਰਸੂਲਾਂ ਦੇ ਕਰਤੱਬ 26:14)। ਬਲਦ ਦੀ ਪ੍ਰੈਣ ਇੱਕ ਨੁਕੀਲੀ ਸੋਟੀ ਹੁੰਦੀ ਸੀ, ਕਈ ਇਸ ਸੋਟੀ ਦੀ ਨੋਕ ਤੇ ਲੋਹਾ ਲੱਗਾ ਹੁੰਦਾ ਸੀ ਜੋ ਕਿ ਬਲਦ ਨੂੰ ਹਿੱਕਣ ਵਾਲਾ ਢੀਠ ਬਲਦ ਨੂੰ ਵੱਖ-ਵੱਖ ਦਿਸ਼ਾ ਵੱਲ ਮੋੜਨ ਜਾਂ ਫਿਰ ਤੇਜ਼ ਭਜਾਉਣ ਦੇ ਲਈ ਇਸਤੇਮਾਲ ਕਰਦਾ ਸੀ। ਜੇਕਰ ਫਿਰ ਵੀ ਬਲਦ ਢੀਠ ਹੋ ਕੇ ਪ੍ਰੈਣ ਦੀ ਆਰ ਉੱਤੇ ਲੱਤ ਮਾਰਦਾ ਸੀ ਤਾਂ ਇਸ ਨਾਲ ਉਸ ਦੀ ਲੱਤ ਤੇ ਜਖਮ ਹੋ ਜਾਂਦਾ ਸੀ ਅਤੇ ਲੱਤ ਮਾਰਨ ਤੇ ਇਹ ਹੋਰ ਜ਼ਿਆਦਾ ਦਰਦ ਕਰਦਾ ਸੀ।

ਅਸਲ ਵਿਚ, ਸੌਲੁਸ ਵੀ ਆਪਣੇ ਨਾਲ ਇਹੀ ਕਰ ਰਿਹਾ ਸੀ ਜਦੋਂ ਉਸ ਨੇ ਮਸੀਹੀ ਲੋਕਾਂ ਨੂੰ ਸਤਾਇਆ। ਉਹ ਅਸਲ ਵਿਚ ਉਸ ਦੇ ਆਪਣੇ ਅੰਤਹਕਰਨ ਨੂੰ ਜਖਮੀ ਕਰ ਰਿਹਾ ਸੀ ਅਤੇ ਆਤਮਿਕ ਤੌਰ ਤੇ ਆਪਣੇ ਆਪ ਨੂੰ ਫਾੜ ਰਿਹਾ ਸੀ। ਜਿੰਨਾ ਜ਼ਿਆਦਾ ਉਹ ਮਸੀਹੀ ਲੋਕਾਂ ਨੂੰ ਗਿਰਫਤਾਰ ਕਰਦਾ ਸੀ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਦਾ ਸਮਰਥਨ ਕਰਦਾ ਸੀ, ਉੱਨਾ ਜ਼ਿਆਦਾ ਉਸ ਨੂੰ ਇਹ ਅਹਿਸਾਸ ਹੁੰਦਾ ਸੀ ਕਿ ਉਹ ਚੰਗੇ ਅਤੇ ਪਰਮੇਸ਼ੁਰ ਦਾ ਡਰ ਰੱਖਣ ਵਾਲੇ ਲੋਕ ਸਨ। ਉਹ ਪਰਮੇਸ਼ੁਰ ਦੀ ਬਿਵਸਥਾ ਦੇ ਵਿਰੁੱਧ ਬਗਾਵਤ ਨਹੀਂ ਸੀ ਕਰਦੇ; ਬਲਕਿ, ਉਹ ਇਹ ਵਿਸ਼ਵਾਸ ਕਰਦੇ ਸਨ ਕਿ ਯਿਸੂ ਮਸੀਹਾ ਸੀ ਜਿਸ ਨੂੰ ਪਰਮੇਸ਼ੁਰ ਨੇ ਇਸ ਸੰਸਾਰ ਵਿਚ ਘੱਲਿਆ ਸੀ। ਸ਼ਾਇਦ ਉਸ ਨੇ ਪਹਿਲਾਂ ਤੋਂ ਹੀ ਇਹ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਮਾਨੋ ਯਸਾਯਾਹ ਦੀ ਨਬੂਵਤ ਨੂੰ ਪੂਰਾ ਕਰਨ ਦੇ ਲਈ ਯਿਸੂ ਨੂੰ ਸਾਰੇ ਜਗਤ ਦੇ ਪਾਪਾਂ ਦੇ ਲਈ "ਦੁੱਖ ਸਹਿਣ ਵਾਲੇ ਦਾਸ" ਦੇ ਰੂਪ ਵਿਚ ਸਲੀਬ ਉੱਤੇ ਚੜ੍ਹਾਇਆ ਗਿਆ ਸੀ (ਯਸਾਯਾਹ 53:5, 6), ਜਿਵੇਂ ਕਿ ਇਸਤੀਫ਼ਾਨ ਨੇ ਕਿਹਾ ਸੀ। ਜਦੋਂ ਦੰਮਿਸ਼ਕ ਦੇ ਰਾਹ ਵਿਚ ਯਿਸੂ ਨੇ ਉਸ ਨੂੰ ਦਰਸ਼ਣ ਦਿੱਤਾ, ਉਹ ਨਿਸ਼ਚਤ ਤੌਰ ਤੇ ਜਾਣ ਗਿਆ ਕਿ ਇਸਤੀਫ਼ਾਨ ਨੇ ਜੋ ਕਿਹਾ ਸੀ ਉਹ ਸੱਚ ਸੀ: ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਸੀ, ਜਿਵੇਂ ਕਿ ਯਸਾਯਾਹ ਦੀ ਪੁਸਤਕ ਵਿਚ ਵੀ ਨਬੂਵਤ ਕੀਤੀ ਗਈ ਸੀ (ਯਸਾਯਾਹ 53:7-12)। ਇਸ ਤੋਂ ਇਲਾਵਾ, ਸੌਲੁਸ ਸਮਝ ਗਿਆ ਸੀ ਕਿ ਮਨੁੱਖ ਦੇ ਪੁੱਤਰ ਦੇ ਸੁਰਗ ਵਿਚ ਪਰਮੇਸ਼ੁਰ ਦੇ ਤਖ਼ਤ ਤੇ ਉਠਾਏ ਜਾਣ ਦਾ ਦਰਸ਼ਣ ਉਸ ਸਮੇਂ ਪੂਰਾ ਹੋਇਆ ਜਦੋਂ ਯਿਸੂ ਅਕਾਸ਼ ਨੂੰ ਉਠਾ ਲਿਆ ਗਿਆ ਸੀ, ਜਿਵੇਂ ਕਿ ਇਸਤੀਫ਼ਾਨ ਨੇ ਕਿਹਾ ਸੀ (ਰਸੂਲਾਂ ਦੇ ਕਰਤੱਬ 7:56)।

ਯਿਸੂ ਦੇ ਅਕਾਸ਼ ਨੂੰ ਉਠਾਏ ਜਾਣ ਦਾ ਉਦੇਸ਼ ਉਸ ਦੇ ਸਦਾ ਦੇ ਰਾਜ ਨੂੰ ਪ੍ਰਾਪਤ ਕਰਨਾ ਸੀ,

ਜਿਹੜਾ ਕਿ ਸਾਰੇ ਲੋਕ ਅਤੇ ਕੌਮਾਂ ਨੂੰ ਮਿਲਾ ਕੇ ਬਣੇਗਾ (ਦਾਨੀਏਲ 7:13, 14)।[21] ਬੇਸ਼ੱਕ ਇਸੇ ਕਰਕੇ ਯਿਸੂ ਨੇ ਸੌਲੁਸ (ਪੌਲੁਸ) ਨੂੰ ਗੈਰ ਕੌਮਾਂ ਵਿਚ ਜਾ ਕੇ ਖੁਸ਼ਖ਼ਬਰੀ ਦਾ ਪਰਚਾਰ ਕਰਨ ਦੀ ਆਗਿਆ ਦਿੱਤੀ ਸੀ। ਸ਼ੁਰੂ ਤੋਂ ਹੀ ਪਰਮੇਸ਼ੁਰ ਦੀ ਇਹ ਯੋਜਨਾ ਰਹੀ ਸੀ; ਇਸੇ ਕਾਰਣ ਯਿਸੂ ਨੇ ਮਹਾਨ ਆਗਿਆ (ਗ੍ਰੇਟ ਕਮਿਸ਼ਨ) ਦਿੱਤੀ ਸੀ (ਮੱਤੀ 28:18-20; ਮਰਕੁਸ 16:15, 16)। ਪਰ, ਗੈਰ-ਯਹੂਦੀ ਕੌਮਾਂ ਵਿਚ ਇਸ ਮਿਸ਼ਨ ਨੂੰ ਲੈ ਕੇ ਜਾਣ ਦੇ ਲਈ ਅਗਵਾਈ ਕਰਨ ਵਾਸਤੇ ਕਲੀਸੀਆ ਨੂੰ ਪੌਲੁਸ ਵਰਗੇ ਬੰਦੇ ਦੀ ਲੋੜ ਸੀ। ਉਹ ਦੋ ਸੰਸਾਰਾਂ ਵਾਲਾ ਬੰਦਾ ਸੀ: ਵਿਰਸੇ ਅਤੇ ਗਿਆਨ ਵਿਚ ਯਹੂਦੀ, ਭਾਸ਼ਾ ਅਤੇ ਸੱਭਿਆਚਾਰ ਵਿਚ ਗੈਰ-ਯਹੂਦੀ। ਮਨੁੱਖ ਦੇ ਪੁੱਤਰ ਬਾਰੇ ਜਿਹੜਾ ਸਦਾ ਦਾ ਰਾਜ ਪ੍ਰਾਪਤ ਕਰਨ ਦੇ ਲਈ ਪਰਮੇਸ਼ੁਰ ਦੇ ਸਿੰਘਾਸਣ ਤੀਕ ਉਠਾਇਆ ਗਿਆ, ਇਸਤੀਫ਼ਾਨ ਦੇ ਦਰਸ਼ਣ ਦੀ ਪੁਸ਼ਟੀ ਦੰਮਿਸਕ ਦੇ ਮਾਰਗ ਤੇ ਪੌਲੁਸ ਨੂੰ ਦਿੱਤੇ ਗਏ ਪ੍ਰਭੂ ਦੇ ਦਰਸ਼ਣ ਅਤੇ ਆਗਿਆ ਨਾਲ ਹੋਈ ਸੀ (ਰਸੂਲਾਂ ਦੇ ਕਰਤੱਬ 26:17, 18; ਕੁਲੁੱਸੀਆਂ 1:12-14)। ਇਨ੍ਹਾਂ ਸਾਰੀਆਂ ਗੱਲਾਂ ਦਾ ਪੌਲੁਸ ਤੇ ਵੱਡਾ ਪ੍ਰਭਾਵ ਪਿਆ ਸੀ: ਉਸ ਦਾ ਜੀਵਨ ਪੂਰੀ ਤਰ੍ਹਾਂ ਬਦਲ ਗਿਆ ਸੀ, ਇਸ ਤਰ੍ਹਾਂ ਮਸੀਹੀ ਲੋਕਾਂ ਨੂੰ ਸਭ ਤੋਂ ਵੱਡਾ ਸਤਾਉਣ ਵਾਲਾ ਖੁਸ਼ਖ਼ਬਰੀ ਨੂੰ ਸੁਣਾਉਣ ਵਾਲਾ ਸਭ ਤੋਂ ਵੱਡਾ ਪਰਚਾਰਕ ਬਣ ਗਿਆ।

ਇਸਤੀਫ਼ਾਨ ਦੀ ਮੌਤ ਦੇ ਸਮੇਂ ਉਸ ਦੀ ਨਿਹਚਾ ਅਤੇ ਆਸ ਨੇ ਪੌਲੁਸ ਨੂੰ ਇਹ ਅਹਿਸਾਸ ਕਰਵਾਇਆ ਕਿ ਸਾਰਾ ਜੀਵਨ ਜੀਉਣ ਦੇ ਲਈ ਨਹੀਂ ਹੈ ਨਾ ਕਿ ਹੀ ਮਰਨ ਦੇ ਲਈ। ਇਸ ਗਿਆਨ ਨੇ ਹੀ ਕਿ ਯਿਸੂ ਮੋਇਆ, ਪਾਪੀਆਂ ਨੂੰ ਸਜ਼ਾ ਦੇਣ ਦੇ ਲਈ ਨਹੀਂ ਪਰ ਸਲੀਬ ਉੱਤੇ ਆਪਣੀ ਕੁਰਬਾਨੀ ਦੇਣ ਦੇ ਰਾਹੀਂ ਉਨ੍ਹਾਂ ਨੂੰ ਬਚਾਉਣ ਦੇ ਲਈ, ਪੌਲੁਸ ਨੂੰ ਇਹ ਆਸ ਦਿੱਤੀ ਸੀ ਕਿ ਉਹ ਜਿਹੜਾ ਕਿ ਪਾਪੀਆਂ ਵਿੱਚੋਂ ਮਹਾਂ ਪਾਪੀ ਸੀ, ਬਚਾਇਆ ਜਾ ਸਕਦਾ ਸੀ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 1:12-17)। ਇਸ ਗੱਲ ਨੇ ਪੌਲੁਸ ਨੂੰ ਰੋਮੀ ਸਾਮਰਾਜ ਦੇ ਸਾਰੇ ਨਗਰਾਂ ਵਿਚ ਖੁਸ਼ਖ਼ਬਰੀ ਨੂੰ ਲੈ ਕੇ ਜਾਣ ਦੀ ਪ੍ਰੇਰਣਾ ਦਿੱਤੀ, ਜਿੱਥੇ ਬਹੁਤ ਸਾਰੀਆਂ ਮੰਡਲੀਆਂ (ਕਲੀਸੀਆਵਾਂ) ਸਥਾਪਤ ਹੋਈਆਂ। ਇਸ ਦੀ ਸਫ਼ਲਤਾ ਨੇ ਇਕ ਤਰੀਕੇ ਨਾਲ ਉਸੇ ਕਿਸਮ ਦੀ ਹਿੰਸਕ ਵਿਰੋਧਤਾ ਪੈਦਾ ਕਰ ਦਿੱਤੀ ਜਿਹੜੀ ਕਿ ਪਹਿਲਾਂ ਪੌਲੁਸ ਖੁਦ ਮਸੀਹੀ ਲੋਕਾਂ ਦੇ ਵਿਰੁੱਧ ਲੈ ਕੇ ਆਇਆ ਸੀ। ਉਸ ਨੇ ਮਾਰ ਖਾਧੀ, ਉਸ ਨੂੰ ਪਥਰਾਉ ਕੀਤਾ ਗਿਆ, ਉਹ ਕੈਦਖਾਨੇ ਵਿਚ ਸੁੱਟਿਆ ਗਿਆ ਅਤੇ ਹੋਰ ਕਈ ਤਰ੍ਹਾਂ ਦਾ ਸਤਾਓ ਉਸ ਉੱਤੇ ਆਇਆ (2 ਕੁਰਿੰਥੀਆਂ 11:22-28); ਪਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਉਹ ਨਿਰਾਸ਼ ਨਹੀਂ ਹੋਇਆ। ਰੋਮ ਦੇ ਮਸੀਹੀ ਲੋਕਾਂ ਨੂੰ ਲਿਖੀ ਆਪਣੀ ਪੱਤ੍ਰੀ ਵਿਚ, ਉਸ ਨੇ ਕਿਹਾ ਹੈ ਕਿ ਨਾ ਬਿਪਤਾ, ਨਾ ਕਸ਼ਟ, ਨਾ ਅਨ੍ਹੇਰ, ਨਾ ਕਾਲ, ਨਾ ਨੰਗ ਨਾ ਭੌਜਲ, ਨਾ ਤਲਵਾਰ ਮਸੀਹੀ ਲੋਕਾਂ ਨੂੰ ਓਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਹੈ ਅੱਡ ਕਰ ਸਕੇਗੀ (ਰੋਮੀਆਂ 8:35-39)।

ਪੌਲੁਸ ਤਿਮੋਥਿਉਸ ਵਰਗੇ ਨੌਜਵਾਨ ਪਰਚਾਰਕਾਂ ਨੂੰ ਵਿਰੋਧਤਾ ਤੋਂ ਨਿਰਾਸ਼ ਨਾ ਹੋਣ ਜਾਂ "ਪ੍ਰਭੂ ਦੀ ਸਾਖੀ ਤੋਂ, ਨਾ ਪੌਲੁਸ ਤੋਂ ਜੋ ਬੰਧੂਆ ਸੀ ਨਾ ਸ਼ਰਮਾਉਣ" ਦੀ ਨਸੀਹਤ ਦਿੰਦਾ ਰਿਹਾ; ਉਸ ਨੇ ਇਹ ਚੁਣੌਤੀ ਦਿੱਤੀ: "ਪਰਮੇਸ਼ੁਰ ਦੀ ਸਮਰੱਥਾ ਦੇ ਅਨੁਸਾਰ ਖੁਸ਼ਖਬਰੀ ਲਈ ਦੁਖਾਂ ਵਿੱਚ ਮੇਰੇ ਨਾਲ ਸਾਂਝੀ ਹੋਵੀਂ" (2 ਤਿਮੋਥਿਉਸ 1:8)। ਇਹ ਸਿਰਫ ਇਕ ਵਿੱਦਿਅਕ ਸਲਾਹ ਨਹੀਂ ਸੀ ਕਿਉਂਕਿ ਉਸ ਸਮੇਂ ਪੌਲੁਸ ਨੀਰੋ ਸਮਰਾਟ ਦੇ ਵੱਡੇ ਸਤਾਓ ਅਧੀਨ ਜੇਲ੍ਹ ਵਿਚ ਸੀ। ਬਹੁਤ ਸਾਰੇ ਮਸੀਹੀ ਲੋਕਾਂ ਨੂੰ ਪਹਿਲਾਂ ਤੋਂ ਜੰਗਲੀ ਜਾਨਵਰਾਂ ਦੁਆਰਾ ਟੁਕੜੇ-ਟੁਕੜੇ ਕਰ ਦਿੱਤਾ ਗਿਆ ਸੀ, ਸਲੀਬ ਉੱਤੇ ਕਿੱਲਾਂ ਨਾਲ ਟੰਗ ਦਿੱਤਾ ਗਿਆ ਸੀ, ਜਾਂ ਨੀਰੋ ਦੇ ਬਾਗਾਂ ਵਿਚ ਰੋਸ਼ਨੀ ਕਰਨ ਦੇ ਲਈ ਸਾੜ ਦਿੱਤਾ ਗਿਆ ਸੀ।[22] ਸੁਭਾਵਕ ਹੈ ਕਿ ਤਿਮੋਥਿਉਸ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਪੌਲੁਸ ਅਤੇ ਉਸ ਦੇ ਖੁਦ ਦੇ ਨਾਲ ਕੀ ਹੋਵੇਗਾ, ਪਰ ਰਸੂਲ ਨੇ ਉਸ ਦੇ ਨੌਜਵਾਨ

ਸਹਿਕਰਮੀਆਂ ਨੂੰ ਇਹ ਕਹਿੰਦੇ ਹੋਏ ਉਤਸ਼ਾਹਿਤ ਕੀਤਾ ਕਿ "ਜਿਹੜਾ ਮੇਰੀ ਖੁਸ਼ ਖਬਰੀ ਦੇ ਅਨੁਸਾਰ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ [ਆਸ ਨਾਲ] ਚੇਤੇ ਰੱਖ ਜਿਹ ਦੇ ਨਮਿੱਤ ਮੈਂ ਬਦਕਾਰ ਵਾਂਙੁ ਬੰਧਨਾਂ ਤੀਕ ਦੁਖ ਭੋਗਦਾ ਹਾਂ ਪਰੰਤੂ ਪਰਮੇਸ਼ੁਰ ਦਾ ਬਚਨ ਬੱਧਾ ਹੋਇਆ ਨਹੀਂ" (2 ਤਿਮੋਥਿਉਸ 2:8, 9)। ਫਿਰ, ਪੌਲੁਸ ਨੇ ਉਸ ਦੀ ਆਸ ਨੂੰ ਵਧਾਉਣ ਦੇ ਲਈ ਸ਼ਹੀਦ ਦੇ ਮੁਢਲੇ ਗੀਤ ਦੀਆਂ ਕੁਝ ਸਤਰਾਂ ਦਾ ਹਵਾਲਾ ਦਿੱਤਾ:

> ਇਹ ਬਚਨ ਸਤ ਹੈ: ਕਿਉਂਕਿ ਜੇ ਅਸੀਂ ਉਹ ਦੇ ਨਾਲ ਮੋਏ ਤਾਂ ਉਹ ਦੇ ਨਾਲ ਜੀਵਾਂਗੇ ਭੀ। ਜੇ ਸਹਾਰ ਲਈਏ ਤਾਂ ਉਹ ਦੇ ਨਾਲ ਰਾਜ ਭੀ ਕਰਾਂਗੇ। ਜੇ ਉਹ ਦਾ ਇਨਕਾਰ ਕਰੀਏ ਤਾਂ ਉਹ ਭੀ ਸਾਡਾ ਇਨਕਾਰ ਕਰੇਗਾ। ਭਾਵੇਂ ਅਸੀਂ ਬੇ ਵਫ਼ਾ ਹੋਈਏ ਪਰ ਉਹ ਵਫ਼ਾਦਾਰ ਰਹਿੰਦਾ ਹੈ, ਕਿਉਂ ਜੋ ਉਹ ਆਪਣਾ ਇਨਕਾਰ ਨਹੀਂ ਕਰ ਸੱਕਦਾ (2 ਤਿਮੋਥਿਉਸ 2:11-13)।

ਆਪਣੀ ਪੱਤਰੀ ਦੇ ਅੰਤ ਵਿਚ, ਪੌਲੁਸ ਨੇ ਤਿਮੋਥਿਉਸ ਨੂੰ ਵਿਰੋਧਤਾ ਦਾ ਸਾਹਮਣ ਕਰਦੇ ਹੋਏ ਪਿੱਛੇ ਨਾ ਹਟਣ ਦੀ ਬੇਨਤੀ ਕੀਤੀ ਸੀ; ਬਲਕਿ, ਉਸ ਨੇ ਆਖਿਆ, "ਤੂੰ ਸਭਨੀਂ ਗੱਲੀਂ ਸੁਚੇਤ ਰਹੀਂ, ਦੁਖ ਝੱਲੀਂ, ਪਰਚਾਰਕ ਦਾ ਕੰਮ ਕਰੀਂ, ਆਪਣੀ ਸੇਵਕਾਈ ਨੂੰ ਪੂਰਿਆਂ ਕਰੀਂ" (2 ਤਿਮੋਥਿਉਸ 4:5)। ਪੌਲੁਸ ਜਾਣਦਾ ਸੀ ਕਿ ਮੌਤ ਦਾ ਸਾਹਮਣਾ ਕਰਦੇ ਹੋਏ ਆਸ ਵਿਸ਼ਵਾਸੀਆਂ ਨੂੰ ਸੰਭਾਲ ਕੇ ਰੱਖਦੀ ਹੈ। ਉਹ ਨਹੀਂ ਸੀ ਚਾਹੁੰਦਾ ਕਿ ਤਿਮੋਥਿਉਸ ਕਿਤੇ ਘਬਰਾ ਜਾਵੇ ਜੇਕਰ ਇਸ ਨੌਜਵਾਨ ਦੇ ਰੋਮ ਵਿਚ ਮਰਕੁਸ, ਪੋਥੀਆਂ ਅਤੇ ਉਸ ਚੋਗੇ ਨੂੰ ਨਾਲ ਲੈ ਕੇ ਜੋ ਪੌਲੁਸ ਨੇ ਉਸ ਨੂੰ ਲੈ ਕੇ ਆਉਣ ਦੇ ਲਈ ਆਖਿਆ ਸੀ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਫਾਂਸੀ ਦੇ ਦਿੱਤੀ ਜਾਵੇ (2 ਤਿਮੋਥਿਉਸ 4:11, 13)। ਉਨ੍ਹਾਂ ਦੇ ਇਕ ਦੂਜੇ ਤੋਂ ਜੁਦਾ ਹੋਣ ਸਮੇਂ ਪੌਲੁਸ ਦੇ ਸ਼ਬਦ ਇਹ ਸਨ:

> ਮੈਂ ਅੱਛੀ ਲੜਾਈ ਲੜ ਚੁੱਕਾ ਹਾਂ, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ। ਹੁਣ ਤੋਂ ਧਰਮ ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ਜਿਹੜਾ ਪ੍ਰਭੂ ਜੋ ਧਰਮੀ ਨਿਆਈ ਹੈ ਉਸ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ ਓਹਨਾਂ ਸਭਨਾਂ ਨੂੰ ਵੀ ਜਿਨ੍ਹਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆ (2 ਤਿਮੋਥਿਉਸ 4:7, 8)।

ਅਸੀਂ ਨਹੀਂ ਜਾਣਦੇ ਕਿ ਤਿਮੋਥਿਉਸ ਪੌਲੁਸ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਆਖ਼ਰੀ ਵਾਰ ਉਸ ਨੂੰ ਮਿਲਣ ਦੇ ਲਈ ਸਮੇਂ ਸਿਰ ਰੋਮ ਵਿਚ ਪਹੁੰਚਿਆ ਸੀ ਜਾਂ ਨਹੀਂ, ਪਰ ਸਾਡਾ ਇਹ ਮੰਨਣਾ ਹੈ ਕਿ ਪੌਲੁਸ ਦੀ ਆਸ ਇਕ ਲੰਗਰ ਸੀ ਜਿਸ ਨੇ ਉਸ ਨੂੰ ਅਤੇ ਤਿਮੋਥਿਉਸ ਨੂੰ ਵੀ ਸੰਭਾਲ ਕੇ ਰੱਖਿਆ।

ਮਸੀਹੀ ਲੋਕ ਹੋਣ ਦੇ ਨਾਤੇ, ਅਸੀਂ ਉਸੇ ਆਸ ਵਿਚ ਸਾਂਝੀ ਹਾਂ। ਪਰਮੇਸ਼ੁਰ ਦੇ ਇਨ੍ਹਾਂ ਮਹਾਨ ਬੰਦਿਆਂ ਦੇ ਵਾਂਗ, ਉਹ ਸਭ ਜਿਹੜੇ ਖੁਸ਼ਖਬਰੀ ਦੀ ਪਾਲਣਾ ਕਰਦੇ ਹਨ ਅਤੇ ਪਰਮੇਸ਼ੁਰ ਦੀ ਇੱਛਾ ਦੇ ਪ੍ਰਤੀ ਵਫ਼ਾਦਾਰ ਆਗਿਆਕਾਰੀ ਵਿਚ ਜੀਵਨ ਬਤੀਤ ਕਰਦੇ ਹਨ ਉਸ ਸ਼ਹਿਰ ਦੇ ਵਿਚ ਸ਼ਾਨਦਾਰ ਸਵਾਗਤ ਦੀ ਉਡੀਕ ਕਰ ਸਕਦੇ ਹਨ "ਜਿਹ ਦੀਆਂ ਨੀਹਾਂ ਹਨ ਅਤੇ ਜਿਹ ਦਾ ਕਾਰੀਗਰ ਅਤੇ ਬਣਾਉਣ ਵਾਲਾ ਪਰਮੇਸ਼ੁਰ ਹੈ" (ਇਬਰਾਨੀਆਂ 11:10)।

### ਟੁੱਟੇ ਰਿਸ਼ਤਿਆਂ ਨੂੰ ਜੋੜਨਾ (50:15-21)

ਟੁੱਟੇ ਰਿਸ਼ਤਿਆਂ ਨੂੰ ਦੁਬਾਰਾ ਜੋੜਨ ਦੇ ਲਈ ਮਾਫ਼ੀ ਜ਼ਰੂਰੀ ਹੈ। ਇਹ ਸੱਚਾਈ ਯੂਸੁਫ਼ ਦੀ ਕਹਾਣੀ ਵਿਚ ਵੇਖੀ ਜਾ ਸਕਦੀ ਹੈ। ਉਸ ਨੂੰ ਉਸ ਦੇ ਭਰਾਵਾਂ ਦੁਆਰਾ ਗੁਲਾਮੀ ਵਿਚ ਵੇਚ ਦਿੱਤਾ ਗਿਆ ਸੀ ਅਤੇ ਕਾਫੀ ਸਮੇਂ ਬਾਅਦ ਉਨ੍ਹਾਂ ਦਾ ਯੂਸੁਫ਼ ਨਾਲ ਫੇਰ ਮੇਲ ਹੋਇਆ, ਜਿਸ ਦੇ ਵਿਚ

ਉਨ੍ਹਾਂ ਭਰਾਵਾਂ ਦਾ ਪਸ਼ਚਤਾਪ ਅਤੇ ਯੂਸੁਫ਼ ਦੀ ਮਾਫ਼ੀ ਸ਼ਾਮਲ ਸੀ।

ਇਨ੍ਹਾਂ ਸਤਾਰਾਂ ਸਾਲਾਂ ਦੇ ਦੌਰਾਨ ਜੋ ਪਰਿਵਾਰ ਨੇ ਮਿਸਰ ਵਿਚ ਰਹਿ ਕੇ ਬਿਤਾਏ, ਯੂਸੁਫ਼ ਦੇ ਭਰਾਵਾਂ ਨੂੰ ਇਹੀ ਵਿਚਾਰ ਸਤਾਉਂਦਾ ਰਿਹਾ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਤੋਂ ਬਾਅਦ ਯੂਸੁਫ਼ ਉਨ੍ਹਾਂ ਨਾਲ ਕੀ ਕਰੇਗਾ। ਇਸ ਦਾ ਅਰਥ ਇਹ ਹੈ ਕਿ ਪਾਪ ਅਤੇ ਬੇਵਸਾਈ ਦਾ ਪੁਰਾਣਾ ਜਖਮ ਅਸਲ ਵਿਚ ਕਦੇ ਠੀਕ ਹੀ ਨਹੀਂ ਸੀ ਹੋਇਆ, ਪਰ ਇਕ ਫੋੜਾ ਬਣ ਗਿਆ ਸੀ। ਭਰਾਵਾਂ ਨੂੰ ਵਿਸ਼ਵਾਸ ਨਹੀਂ ਸੀ ਕਿ ਯੂਸੁਫ਼ ਨੇ ਸੱਚਮੁੱਚ ਉਨ੍ਹਾਂ ਨੂੰ ਉਨ੍ਹਾਂ ਦੀ ਈਰਖਾ ਦੇ ਲਈ ਜਾਂ ਉਸ ਨੂੰ ਗੁਲਾਮੀ ਦੇ ਵਿਚ ਵੇਚਣ ਦੇ ਲਈ ਮਾਫ਼ ਕਰ ਦਿੱਤਾ ਸੀ। ਉਨ੍ਹਾਂ ਨੂੰ ਇਹੀ ਡਰ ਸੀ ਕਿ ਯੂਸੁਫ਼ ਉਨ੍ਹਾਂ ਦੇ ਕੋਲੋਂ ਬਦਲਾ ਲਵੇਗਾ ਜਦੋਂ ਉਨ੍ਹਾਂ ਦੇ ਉੱਤੋਂ ਯਾਕੂਬ ਦਾ ਰੋਕਣ ਵਾਲਾ ਹੱਥ ਹੱਟ ਗਿਆ ਸੀ (50:15)।

ਅਸੀਂ ਹੈਰਾਨ ਹੋ ਸਕਦੇ ਹਾਂ ਕਿ “ਇਨ੍ਹਾਂ ਭਰਾਵਾਂ ਨੂੰ ਕੀ ਹੋ ਗਿਆ ਸੀ?” ਨਿਸ਼ਚਤ ਤੌਰ ਤੇ ਇਸ ਤਰ੍ਹਾਂ ਲੱਗਦਾ ਹੈ ਕਿ ਯੂਸੁਫ਼ ਨੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ; ਉਸ ਨੇ ਉਨ੍ਹਾਂ ਨੂੰ ਚੁੰਮ ਕੇ ਗਲੇ ਲਗਾਇਆ ਅਤੇ ਰੋਇਆ ਸੀ ਅਤੇ ਉਸ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿਸਰ ਵਿਚ ਆ ਕੇ ਇਸ ਦੀਆਂ ਸਾਰੀਆਂ ਬਰਕਤਾਂ ਦਾ ਅਨੰਦ ਮਾਣਨ ਦੇ ਲਈ ਕਨਾਨ ਵਿੱਚੋਂ ਲਿਆਉਣ ਦਾ ਸਾਰਾ ਪ੍ਰਬੰਧ ਕਰਕੇ ਆਪਣੇ ਪਿਆਰ ਦਾ ਸਬੂਤ ਵੀ ਦਿੱਤਾ ਸੀ। ਇਸ ਤੋਂ ਇਲਾਵਾ, ਉਸ ਨੇ ਬੜੇ ਪਿਆਰ ਨਾਲ ਉਨ੍ਹਾਂ ਨੂੰ ਆਖਿਆ ਸੀ ਕਿ ਮੈਨੂੰ ਗੁਲਾਮੀ ਵਿਚ ਵੇਚਣ ਦੇ ਲਈ ਤੁਸੀਂ ਆਪਣੇ ਆਪ ਵਿਚ “ਹਿਰਖ ਨਾ ਕਰੋ ਅਰ ਨਾ ਹੀ ਰੰਜ ਕਰੋ” ਕਿਉਂਕਿ ਅਸਲ ਵਿਚ ਪਰਮੇਸ਼ੁਰ ਨੇ ਮੈਨੂੰ ਤੁਹਾਡੇ ਅੱਗੇ ਤੁਹਾਡੀਆਂ “ਜਾਨਾਂ ਬਚਾਉਣ ਲਈ” ਘੱਲਿਆ ਸੀ (45:4, 5)। ਯੂਸੁਫ਼ ਦੀਆਂ ਗੱਲਾਂ ਅਤੇ ਕੰਮਾਂ ਨੂੰ ਧਿਆਨ ਵਿਚ ਰੱਖਦੇ ਹੋਏ, ਇੰਨੇ ਸਾਲਾਂ ਤੋਂ ਬਾਅਦ ਵੀ ਉਸ ਦੇ ਭਰਾ ਹਾਲੇ ਤੱਕ ਉਸ ਕੋਲੋਂ ਕਿਉਂ ਡਰਦੇ ਸਨ?

ਯਾਕੂਬ ਦੀ ਮੌਤ ਤੋਂ ਬਾਅਦ ਭਰਾਵਾਂ ਦੇ ਡਰ ਦੀਆਂ ਸੰਭਵ ਤੌਰ ਤੇ ਕਈ ਵਿਆਖਿਆਵਾਂ ਦਿੱਤੀਆਂ ਜਾ ਸਕਦੀਆਂ ਹਨ। (1) ਕਈ ਵਾਰ ਲੋਕ ਦੂਜਿਆਂ ਬਾਰੇ ਵੀ ਉਨ੍ਹਾਂ ਗੱਲਾਂ ਦਾ ਸ਼ੱਕ ਕਰਦੇ ਹਨ ਜੋ ਉਨ੍ਹਾਂ ਦੇ ਆਪਣੇ ਦਿਲਾਂ ਵਿਚ ਹੁੰਦੀਆਂ ਹਨ। ਜੇਕਰ ਕੁਝ ਵਿਅਕਤੀਆਂ ਨੂੰ ਉਨ੍ਹਾਂ ਲੋਕਾਂ ਨੂੰ ਮਾਫ਼ ਕਰਨਾ ਮੁਸ਼ਕਲ ਜਾਪਦਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਠੇਸ ਪਹੁੰਚਾਈ ਹੈ, ਤਾਂ ਉਨ੍ਹਾਂ ਦਾ ਆਪਣਾ ਰਵੱਈਆ ਅਕਸਰ ਉਨ੍ਹਾਂ ਦੇ ਲਈ ਦੂਜੇ ਲੋਕਾਂ ਕੋਲੋਂ ਜਾਂ ਪਰਮੇਸ਼ੁਰ ਕੋਲੋਂ ਮਾਫ਼ੀ ਨੂੰ ਸਵੀਕਾਰ ਕਰਨਾ ਮੁਸ਼ਕਲ ਬਣਾ ਦਿੰਦਾ ਹੈ। (2) ਕੁਝ ਪਾਪ ਇੰਨੇ ਵੱਡੇ ਹੁੰਦੇ ਹਨ ਕਿ ਲੋਕ ਸੋਚਦੇ ਹਨ ਕਿ ਉਹ ਮਾਫ਼ੀ ਯੋਗ ਨਹੀਂ ਹਨ। ਇਨ੍ਹਾਂ ਭਰਾਵਾਂ ਨੇ ਵੀ ਯੂਸੁਫ਼ ਵਿਰੁੱਧ ਜੋ ਪਾਪ ਕੀਤਾ ਸੀ ਉਸ ਨੂੰ ਉਨ੍ਹਾਂ ਨੇ ਇਸ ਤਰੀਕੇ ਨਾਲ ਵੇਖਿਆ ਹੋਵੇਗਾ ਕਿ ਇਹ ਪਾਪ ਪਰਮੇਸ਼ੁਰ ਜਾਂ ਉਨ੍ਹਾਂ ਦੇ ਭਰਾ ਦੇ ਲਈ ਮਾਫ਼ੀ ਯੋਗ ਨਹੀਂ ਹੈ। (3) ਕੁਝ ਲੋਕ ਇੰਨੇ ਜ਼ਿਆਦਾ ਘਮੰਡੀ ਹੁੰਦੇ ਹਨ ਕਿ ਨਾ ਤਾਂ ਉਹ ਆਪਣੇ ਪਾਪਾਂ ਨੂੰ ਮੰਨਦੇ ਹਨ ਅਤੇ ਨਾ ਹੀ ਉਸ ਵਿਅਕਤੀ ਕੋਲੋਂ ਨੀਵੇਂ ਹੋ ਕੇ ਉਸ ਪਾਪ ਦੀ ਮਾਫ਼ੀ ਮੰਗਦੇ ਹਨ ਜੋ ਉਨ੍ਹਾਂ ਨੇ ਉਸ ਦੇ ਵਿਰੁੱਧ ਕੀਤਾ ਹੈ। ਯੂਸੁਫ਼ ਦੇ ਭਰਾਵਾਂ ਦੀ ਵੀ ਇਹੀ ਮੁਸ਼ਕਲ ਹੋਵੇਗੀ। ਯੂਸੁਫ਼ ਦੇ ਭਰਾਵਾਂ ਦੇ ਮਾਮਲੇ ਵਿਚ ਤੀਜਾ ਵਿਕਲਪ ਸਭ ਤੋਂ ਵੱਧ ਸੰਭਵ ਪ੍ਰਤੀਤ ਹੁੰਦਾ ਹੈ।

ਕੋਈ ਵਿਅਕਤੀ ਉਨ੍ਹਾਂ ਦੀ ਹੈਰਾਨਗੀ ਦੀ ਸਿਰਫ਼ ਕਲਪਨਾ ਹੀ ਕਰ ਸਕਦਾ ਹੈ ਜਦੋਂ, ਵੀਹ ਤੋਂ ਵੀ ਵੱਧ ਸਾਲਾਂ ਦੇ ਬਾਅਦ, ਇਕ ਧਨੀ ਅਤੇ ਸ਼ਕਤੀਸ਼ਾਲੀ ਮਿਸਰੀ ਹਾਕਮ ਨੇ ਆਪਣੇ ਆਪ ਨੂੰ ਉਨ੍ਹਾਂ ਤੇ ਉਨ੍ਹਾਂ ਦੇ ਭਰਾ ਯੂਸੁਫ਼ ਵਜੋਂ ਪਰਗਟ ਕੀਤਾ। ਉਸ ਦੇ ਵਿਰੁੱਧ ਉਨ੍ਹਾਂ ਦੇ ਪਾਪ ਦੇ ਲਈ ਉਨ੍ਹਾਂ ਦੀ ਨਿੰਦਿਆ ਕਰਨ ਅਤੇ ਉਨ੍ਹਾਂ ਨੂੰ ਕਠੋਰ ਸਜ਼ਾ ਦੇਣ ਦੀ ਬਜਾਇ, ਉਹ ਉਨ੍ਹਾਂ ਦੇ ਗਲੇ ਲੱਗ ਕੇ ਰੋ ਪਿਆ। ਇਸ ਤੋਂ ਇਲਾਵਾ, ਯੂਸੁਫ਼ ਨੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਅਪਰਾਧੀਆਂ ਦੇ ਵਾਂਗ ਆਪਣੇ ਆਪ ਨੂੰ ਦੋਸ਼ੀ ਨਾ ਠਹਿਰਾਓ ਕਿਉਂਕਿ ਪਰਮੇਸ਼ੁਰ ਦੀ ਵੱਡੀ ਯੋਜਨਾ ਉਸ ਨੂੰ ਉਸ

ਭਿਆਣਕ ਕਾਲ ਦੇ ਦੌਰਾਨ ਉਨ੍ਹਾਂ ਦੀਆਂ ਜਾਨਾਂ ਬਚਾਉਣ ਦੇ ਲਈ ਇਸਤੇਮਾਲ ਕਰਨ ਦੀ ਸੀ ਜੋ ਉਨ੍ਹਾਂ ਦੇ ਦੇਸ ਵਿਚ ਪਿਆ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਭਰਾਵਾਂ ਦੇ ਧੋਖੇਬਾਜ਼ ਮਨਾਂ ਦੇ ਲਈ ਇਸ ਗੱਲ ਨੂੰ ਸੱਚ ਸਮਝਣਾ ਇੰਨਾ ਸੌਖਾ ਨਹੀਂ ਸੀ; ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਉਨ੍ਹਾਂ ਦਾ ਮੰਨਣਾ ਸੀ ਕਿ ਯੂਸੁਫ਼ ਦੀ ਕਿਰਪਾ ਸਿਰਫ ਇਕ ਡਰਾਮਾ ਸੀ। ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਉਹ ਸਿਰਫ ਉਨ੍ਹਾਂ ਦੇ ਪਿਤਾ ਦੇ ਮਰਨ ਦੀ ਉਡੀਕ ਕਰ ਰਿਹਾ ਸੀ ਅਤੇ ਫਿਰ ਉਹ ਉਨ੍ਹਾਂ ਸਾਰੇ ਦੁੱਖਾਂ ਦੇ ਲਈ ਜੋ ਉਨ੍ਹਾਂ ਨੇ ਉਸ ਨੂੰ ਦਿੱਤੇ ਸਨ ਉਨ੍ਹਾਂ ਤੇ ਤਬਾਹੀ ਲੈ ਆਵੇਗਾ।

ਕਨਾਨ ਵਿਚ ਉਨ੍ਹਾਂ ਦੇ ਪਿਤਾ ਨੂੰ ਦਫਨਾਉਣ ਤੋਂ ਬਾਅਦ ਜਦੋਂ ਸਾਰਾ ਪਰਿਵਾਰ ਵਾਪਸ ਮਿਸਰ ਵਿਚ ਆਇਆ, ਤਾਂ ਭਰਾ ਨਿੱਜੀ ਤੌਰ ਤੇ ਯੂਸੁਫ਼ ਦੇ ਕੋਲ ਜਾਣ ਤੋਂ ਡਰਦੇ ਸਨ। ਇਸ ਦੀ ਬਜਾਇ, ਉਨ੍ਹਾਂ ਨੇ ਇਕ ਵਿਚੋਲੇ ਦੇ ਰਾਹੀਂ ਉਸ ਨੂੰ ਇਕ ਸੰਦੇਸ਼ ਭੇਜਿਆ। ਉਨ੍ਹਾਂ ਨੇ ਇਹ ਦਾਅਵਾ ਕੀਤਾ ਸੀ ਕਿ ਇਹ ਸੰਦੇਸ਼ ਉਨ੍ਹਾਂ ਦੇ ਪਿਤਾ ਦੀ ਵੱਲੋਂ ਸੀ, ਪਰ ਇਹ ਅਸੰਭਵ ਜਾਪਦਾ ਹੈ। ਜੇਕਰ ਯਾਕੂਬ ਨੇ ਆਪਣੇ ਦੋਸ਼ੀ ਪੁੱਤਰਾਂ ਦੀ ਖ਼ਾਤਰ ਦਖ਼ਲਅੰਦਾਜੀ ਕਰਨੀ ਹੁੰਦੀ, ਤਾਂ ਉਸ ਨੇ ਯਕੀਨਣ ਨਿੱਜੀ ਤੌਰ ਤੇ ਯੂਸੁਫ਼ ਨਾਲ ਗੱਲ ਕਰਨੀ ਸੀ। ਆਖ਼ਰਕਾਰ, ਉਸ ਦੇ ਮਰਨ ਤੋਂ ਪਹਿਲਾਂ ਉਸ ਦੇ ਕੋਲ ਆਪਣੇ ਲਾਡਲੇ ਪੁੱਤਰ ਦੀ ਸੰਗਤੀ ਦਾ ਅਨੰਦ ਮਾਣਨ ਦੇ ਲਈ ਸਤਾਰਾਂ ਸਾਲ ਸਨ। ਪਰਤੱਖ ਰੂਪ ਵਿਚ ਭਰਾਵਾਂ ਨੇ ਇਸ ਉਮੀਦ ਨਾਲ ਇਹ ਸੰਦੇਸ਼ ਆਪਣੇ ਕੋਲੋਂ ਬਣਾਇਆ ਸੀ ਕਿ ਯੂਸੁਫ਼ ਦਾ ਆਪਣੇ ਪਿਤਾ ਲਈ ਜੋ ਪ੍ਰੇਮ ਸੀ ਉਸ ਕਾਰਣ ਉਹ ਆਪਣੇ ਭਰਾਵਾਂ ਤੇ ਤਰਸ ਕਰੇਗਾ ਜਿਹੜੇ ਉਸ ਦੇ ਰਹਿਮ ਤੇ ਪਲ ਰਹੇ ਸਨ।

ਇਸ ਸੰਦੇਸ਼ ਵਿਚ ਉਹ ਸੀ ਜੋ ਭਰਾਵਾਂ ਨੂੰ ਕਈ ਸਾਲ ਪਹਿਲਾਂ ਕਬੂਲ ਕਰ ਲੈਣਾ ਚਾਹੀਦਾ ਸੀ: ਭਿਆਣਕ ਗਲਤੀ ਦਾ ਇਕਰਾਰ ਜੋ ਉਨ੍ਹਾਂ ਨੇ ਯੂਸੁਫ਼ ਨੂੰ ਗੁਲਾਮੀ ਵਿਚ ਵੇਚ ਕੇ ਕੀਤੀ ਸੀ। ਇਸ ਦੇ ਵਿਚ ਮਾਫ਼ੀ ਦੇ ਲਈ ਇਕ ਬੇਨਤੀ ਵੀ ਸੀ: "ਸੋ ਹੁਣ ਤੁਸੀਂ ਆਪਣੇ ਪਿਤਾ ਦੇ ਪਰਮੇਸ਼ੁਰ ਦੇ ਦਾਸਾਂ ਦੇ ਅਪਰਾਧ ਮਾਫ ਕਰ ਦਿਓ" (50:17)। ਭਰਾ ਜਾਣਦੇ ਸਨ ਕਿ ਯੂਸੁਫ਼ ਦਾ ਦਿਲ ਬਹੁਤ ਹੀ ਕੋਮਲ ਸੀ ਅਤੇ ਉਨ੍ਹਾਂ ਨੂੰ ਆਸ ਸੀ ਕਿ ਉਹ "ਆਪਣੇ ਪਿਤਾ [ਯਾਕੂਬ] ਦੇ ਪਰਮੇਸ਼ੁਰ" ਦੀ ਖ਼ਾਤਰ ਮਾਫ਼ੀ ਦੀ ਭਾਵਨਾਤਮਕ ਅਪੀਲ ਨੂੰ ਨਹੀਂ ਠੁਕਰਾਵੇਗਾ। ਉਸ ਦੇ ਪਿਤਾ ਦੀ ਬੇਨਤੀ ਦੇ ਪ੍ਰਤੀ ਯੂਸੁਫ਼ ਦਾ ਜਵਾਬ ਬਿਲਕੁਲ ਉਸੇ ਤਰ੍ਹਾਂ ਦਾ ਸੀ ਜਿਸ ਤਰ੍ਹਾਂ ਦੇ ਜਵਾਬ ਦੀ ਭਰਾਵਾਂ ਨੇ ਆਸ ਕੀਤੀ ਸੀ: ਯੂਸੁਫ਼ ਉਨ੍ਹਾਂ ਦੀਆਂ ਗੱਲਾਂ ਉੱਤੇ ਰੋ ਪਿਆ। ਪਰ, ਇਸ ਸੰਦੇਸ਼ ਨੇ ਉਸ ਨੂੰ ਡੂੰਘੀ ਚੋਟ ਪਹੁੰਚਾਈ; ਉਹ ਸਮਝ ਗਿਆ ਕਿ ਇੰਨੇ ਵਰਿਹਾਂ ਦੇ ਬਾਅਦ ਵੀ, ਉਸ ਦੇ ਭਰਾਵਾਂ ਨੇ ਹਾਲੇ ਤੱਕ ਉਸ ਦੀਆਂ ਗੱਲਾਂ ਦਾ ਵਿਸ਼ਵਾਸ ਨਹੀਂ ਸੀ ਕੀਤਾ ਜਾਂ ਉਸ ਦੇ ਭਲੇ ਕੰਮਾਂ ਨੂੰ ਪ੍ਰੇਮ ਦੇ ਸੱਚੇ ਪ੍ਰਗਟਾਵਿਆਂ ਵਜੋਂ ਕਬੂਲ ਨਹੀਂ ਸੀ ਕੀਤਾ।

ਯੂਸੁਫ਼ ਨੂੰ ਭਰਾ ਦੇ ਤੌਰ ਤੇ ਗਲੇ ਲਗਾਉਣ ਦੀ ਬਜਾਇ, ਉਹ ਉਸ ਦੇ ਅੱਗੇ ਜਾਕੇ ਡਿੱਗ ਪਏ ਅਤੇ ਉਨ੍ਹਾਂ ਨੇ ਆਖਿਆ, "ਵੇਖੋ ਅਸੀਂ ਤੁਹਾਡੇ ਦਾਸ ਹਾਂ" (ਜਾਂ "ਗੁਲਾਮ," 50:18)। ਉਨ੍ਹਾਂ ਦਾ ਆਖ਼ਰੀ ਵਾਰ ਉਸ ਦੇ ਅੱਗੇ ਝੁਕਣਾ ਯੂਸੁਫ਼ ਦੇ ਪਹਿਲੇ ਨਬੂਵਤੀ ਸੁਫਨਿਆਂ ਦਾ ਆਖ਼ਰੀ ਵਾਰ ਪੂਰਾ ਹੋਣਾ ਸੀ (37:5-11)। ਬੇਸ਼ੱਕ, ਯੂਸੁਫ਼ ਗੁਲਾਮ ਨਹੀਂ ਸੀ ਚਾਹੁੰਦਾ ਜਿਹੜੇ ਉਸ ਦੇ ਪੈਰਾਂ ਵਿਚ ਮੱਥਾ ਟੇਕਣ ਅਤੇ ਉਸ ਦੇ ਲਈ ਨੌਕਰਾਂ ਵਾਲਾ ਕੰਮ ਕਰਨ। ਉਹ ਭਰਾਵਾਂ ਨੂੰ ਚਾਹੁੰਦਾ ਸੀ ਜਿਹੜੇ ਉਸ ਨੂੰ ਪਿਆਰ ਕਰਨ ਅਤੇ ਉਸ ਨੂੰ ਪਰਿਵਾਰ ਦੇ ਇਕ ਜੀਅ ਦੇ ਤੌਰ ਤੇ ਸਵੀਕਾਰ ਕਰਨ, ਬਿਨਾਂ ਇਹ ਸੋਚੇ ਕਿ ਉਸ ਦੇ ਮਨ ਵਿਚ ਉਨ੍ਹਾਂ ਦੇ ਪ੍ਰਤੀ ਕੋਈ ਗਿਲਾ ਸੀ ਜਾਂ ਉਹ ਸਭ ਜੋ ਉਨ੍ਹਾਂ ਨੇ ਉਸ ਦੇ ਨਾਲ ਕੀਤਾ ਸੀ ਉਸ ਦੇ ਲਈ ਇਕ ਗੁੱਝਾ ਉਦੇਸ਼ ਸੀ।

ਭਰਾਵਾਂ ਦੇ ਡਰ, ਦੋਸ਼ੀ ਭਾਵਨਾ, ਸ਼ੱਕ ਅਤੇ ਯੂਸੁਫ਼ ਦੇ ਡਰ ਨੇ ਉਨ੍ਹਾਂ ਦੀ ਸੰਗਤੀ ਨੂੰ ਕਮਜ਼ੋਰ ਕਰ ਦਿੱਤਾ ਅਤੇ ਉਨ੍ਹਾਂ ਦੇ ਭਰਾ ਨਾਲ ਸੱਚੇ ਮੇਲ ਮਿਲਾਪ ਨੂੰ ਅਸੰਭਵ ਬਣਾ ਦਿੱਤਾ। ਅਜਿਹੇ

ਰਵੱਈਏ ਅਤੇ ਭਾਵਨਾਵਾਂ ਬਹੁਤ ਸਾਰੇ ਪਰਿਵਾਰਾਂ ਅਤੇ ਕਲੀਸੀਆਵਾਂ ਨੂੰ ਤਬਾਹ ਕਰ ਚੁੱਕੇ ਹਨ। ਅੱਜ ਦੇ ਸਮੇਂ ਵਿਚ ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ, ਸਾਨੂੰ ਪ੍ਰਭੂ ਦੇ ਭਰਾ ਯਾਕੂਬ ਦੀ ਨਸੀਹਤ ਉੱਤੇ ਧਿਆਨ ਦੇਣਾ ਚਾਹੀਦਾ ਹੈ, ਜਿਸ ਨੇ ਆਖਿਆ ਹੈ, "ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ" (ਯਾਕੂਬ 5:16)। ਜਦ ਕਿ ਇਹ ਹਵਾਲਾ ਇਕ ਬਿਮਾਰ ਵਿਅਕਤੀ ਦੀ ਸਰੀਰਕ ਚੰਗਿਆਈ ਬਾਰੇ ਸੀ, ਇਹੀ ਸਿਧਾਂਤ ਉਨ੍ਹਾਂ ਵਿਅਕਤੀਆਂ, ਪਰਿਵਾਰਾਂ ਅਤੇ ਕਲੀਸੀਆਵਾਂ ਤੇ ਵੀ ਲਾਗੂ ਹੁੰਦਾ ਹੈ ਜਿਹੜੀਆਂ ਭਾਵਨਾਤਮਕ ਪੀੜਾ ਝੱਲ ਰਹੀਆਂ ਹਨ। ਪਾਪਾਂ ਦੀ ਤੋਬਾ, ਇਕਰਾਰ ਅਤੇ ਆਪੋਂ ਵਿੱਚੀਂ ਮਾਫ਼ੀ ਉਨ੍ਹਾਂ ਲੋਕਾਂ ਵਿਚ ਸੱਚਾ ਮੇਲ ਮਿਲਾਪ ਕਰਵਾਉਣ ਦੇ ਲਈ ਜ਼ਰੂਰੀ ਹਨ ਜਿਹੜੇ ਆਤਮਿਕ ਤੌਰ ਤੇ ਬਿਮਾਰ ਹਨ। ਜਦੋਂ ਸ਼ੱਕ, ਡਰ ਅਤੇ ਬੁਰੀਆਂ ਭਾਵਨਾਵਾਂ ਨੂੰ ਜੀਉਣ ਦਾ ਤਰੀਕਾ ਬਣਨ ਦਿੱਤਾ ਜਾਂਦਾ ਹੈ, ਤਾਂ ਇਸ ਦੇ ਵਿਚ ਜੋ ਵੀ ਵਿਅਕਤੀ ਸ਼ਾਮਲ ਹੁੰਦਾ ਹੈ ਉਸ ਨੂੰ ਭਿਆਣਕ ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਫਿਰ, ਯੂਸੁਫ਼ ਉਸ ਦਾ ਇਕ ਮੁਢਲਾ ਉਦਾਹਰਣ ਹੈ ਜੋ ਪੌਲੁਸ ਦੇ ਮਨ ਵਿਚ ਸੀ ਜਦੋਂ ਉਸ ਨੇ ਅਫ਼ਸੁਸ ਦੇ ਲੋਕਾਂ ਨੂੰ ਪਰਮੇਸ਼ੁਰ ਦੇ ਆਤਮਿਕ ਪਰਿਵਾਰ ਦੇ ਮੈਂਬਰਾਂ ਵਜੋਂ ਇਹ ਨਸੀਹਤ ਦਿੱਤੀ ਕਿ "ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ" (ਅਫ਼ਸੀਆਂ 4:32)। ਪਰਮੇਸ਼ੁਰ ਪਾਪ ਨਾਲ ਗ੍ਰਸਤ ਗੁਲਾਮਾਂ ਨੂੰ ਨਹੀਂ ਚਾਹੁੰਦਾ ਜਿਹੜੇ ਉਸ ਦੇ ਪ੍ਰੇਮ ਅਤੇ ਮਾਫ਼ੀ ਨੂੰ ਕਮਾਉਣ ਦੇ ਲਈ ਸਖ਼ਤ ਮਿਹਨਤ ਕਰਨ; ਪਰਮੇਸ਼ੁਰ ਉਸ ਦੇ ਆਪਣੇ ਦਿਲ ਦੀ ਭਲਿਆਈ ਵਿੱਚੋਂ ਉਨ੍ਹਾਂ ਨੂੰ ਬਰਕਤ ਦੇਣਾ ਅਤੇ ਉਨ੍ਹਾਂ ਨੂੰ ਪਾਪਾਂ ਦੇ ਬੋਝ ਤੋਂ ਮੁਕਤ ਕਰਨਾ ਚਾਹੁੰਦਾ ਹੈ। ਉਹ ਪੂਰੇ ਜਗਤ ਦੇ ਲਈ ਉਸ ਦੇ ਮਹਾਨ ਪ੍ਰੇਮ ਦੇ ਕਾਰਣ ਆਪਣੀ ਕਿਰਪਾ ਬਖ਼ਸ਼ਦਾ ਹੈ (ਯੂਹੰਨਾ 3:16)।

ਅਸੀਂ ਵੀ ਦੂਜਿਆਂ ਨੂੰ ਉਸੇ ਤਰ੍ਹਾਂ ਮਾਫ਼ ਕਰਨਾ ਹੈ ਜਿਵੇਂ ਪਰਮੇਸ਼ੁਰ ਨੇ ਮਸੀਹ ਵਿਚ ਸਾਨੂੰ ਮਾਫ਼ ਕੀਤਾ ਹੈ (ਅਫ਼ਸੀਆਂ 4:32)। ਉਸ ਨੇ "[ਸਾਡੇ] ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਨ" (ਇਬਰਾਨੀਆਂ 8:12; 10:17) – ਅਰਥਾਤ, ਸਾਨੂੰ ਸਾਡੇ ਪਾਪਾਂ ਦੀ ਸਜ਼ਾ ਨਾ ਦੇਣ ਦਾ ਵਾਇਦਾ ਕੀਤਾ ਹੈ। ਫਿਰ ਵੀ, ਮਨੁੱਖਾਂ ਦੇ ਲਈ, ਇਹ ਕਰਨਾ ਅਸਾਨ ਨਹੀਂ ਹੈ। ਸਾਨੂੰ ਪੂਰੇ ਦਿਲ ਨਾਲ ਮਾਫ਼ ਕਰਨ ਅਤੇ ਦੂਜਿਆਂ ਦੇ ਵਿਰੁੱਧ ਮਨ ਵਿਚ ਗਿਲਾ ਰੱਖਣ ਦੇ ਪਰਤਾਵੇ ਦਾ ਸਾਹਮਣਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਯੂਸੁਫ਼ ਅਤੇ ਉਸ ਦੇ ਭਰਾਵਾਂ ਦੀ ਕਹਾਣੀ ਸੱਚੀ ਤੋਬਾ, ਮਾਫ਼ੀ ਅਤੇ ਮੇਲ ਮਿਲਾਪ ਦੀ ਬੁਨਿਆਦੀ ਲੋੜ ਨੂੰ ਵਿਖਾਉਂਦੀ ਹੈ। ਜਦੋਂ ਮਿਸਰ ਵਿਚ ਯੂਸੁਫ਼ ਨੇ ਆਪਣੇ ਆਪ ਨੂੰ ਆਪਣੇ ਭਰਾਵਾਂ ਤੇ ਪਰਗਟ ਕੀਤਾ, ਉਸ ਦੀ ਮਾਫ਼ੀ ਸੱਚੀ ਸੀ (45:4-8); ਪਰ ਉਸ ਦੇ ਭਰਾਵਾਂ ਦੇ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਤੋਬਾ ਜਾਂ ਪਾਪ ਦਾ ਇਕਰਾਰ ਕਰਨਾ ਕਿਤੇ ਨਜ਼ਰ ਨਹੀਂ ਆਉਂਦਾ।

ਉਨ੍ਹਾਂ ਦੇ ਬਾਹਰੀ ਰੂਪਾਂ ਤੋਂ ਇਲਾਵਾ, ਯੂਸੁਫ਼ ਅਤੇ ਉਸ ਦੇ ਭਰਾਵਾਂ ਵਿਚਕਾਰ ਤਦ ਤੱਕ ਕੋਈ ਮੇਲ ਜੋਲ ਨਹੀਂ ਸੀ ਜਦੋਂ ਤੱਕ ਉਨ੍ਹਾਂ ਨੇ ਆਪਣੇ ਦਿਲਾਂ ਵਿਚ ਦੋਸ਼ੀ ਭਾਵਨਾ ਨੂੰ ਨਹੀਂ ਕੱਢਿਆ ਅਤੇ ਯੂਸੁਫ਼ ਦੇ ਅੱਗੇ ਆਪਣੇ ਪਾਪ ਦਾ ਇਕਰਾਰ ਨਹੀਂ ਕੀਤਾ। ਜਦੋਂ ਉਨ੍ਹਾਂ ਨੇ ਆਖ਼ਰ ਉਸ ਦੇ ਕੋਲੋਂ ਮਾਫ਼ੀ ਮੰਗੀ, ਤਾਂ ਯੂਸੁਫ਼ ਰੋਇਆ ਅਤੇ ਇਸ ਗੱਲ ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਨੂੰ ਦਿਲਾਸਾ ਦਿੱਤਾ ਕਿ ਪਰਮੇਸ਼ੁਰ ਦੀ ਥਾਂ ਲੈਣਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪ ਦੀ ਸਜ਼ਾ ਦੇਣਾ ਉਸ ਦਾ ਕੰਮ ਨਹੀਂ ਸੀ। ਹਾਲਾਂਕਿ ਉਨ੍ਹਾਂ ਨੇ ਬੁਰਿਆਈ ਦਾ ਦਾਈਆ ਕੀਤਾ ਸੀ, ਯੂਸੁਫ਼ ਨੇ ਕਿਹਾ ਕਿ ਪਰਮੇਸ਼ੁਰ ਨੇ ਉਨ੍ਹਾਂ ਦੀਆਂ ਜਾਨਾਂ ਨੂੰ ਬਚਾਉਣ ਦੇ ਲਈ ਇਸ ਨੂੰ ਭਲਿਆਈ ਦਾ ਦਾਈਆ ਬਣਾਇਆ ਸੀ (50:19, 20)। ਯੂਸੁਫ਼ ਨੇ ਆਪਣੇ ਦੋਸ਼ੀ ਭਰਾਵਾਂ ਨਾਲ ਤਰਸਵਾਨ ਤਰੀਕੇ

ਨਾਲ ਵਿਹਾਰ ਕੀਤਾ ਅਤੇ ਉਸ ਨੇ ਉਨ੍ਹਾਂ ਨੂੰ ਆਪਣੇ ਪ੍ਰੇਮ ਦਾ ਮੁੜ ਭਰੋਸਾ ਦਿੱਤਾ। ਇਸ ਤਰ੍ਹਾਂ ਕਰਕੇ, ਉਹ ਯਿਸੂ ਦਾ ਰਹਿਨੁਮਾ ਬਣਿਆ, ਜਿਸ ਨੂੰ ਦਇਆ ਭਰੇ ਤਰੀਕੇ ਨਾਲ ਪਾਪੀਆਂ ਨੂੰ ਸਵੀਕਾਰ ਕਰਨ ਦੇ ਲਈ ਯਾਦ ਕੀਤਾ ਜਾਂਦਾ ਸੀ। ਯਿਸੂ ਨੇ ਨਾ ਸਿਰਫ ਪੌਲੁਸ (ਸੌਲੁਸ) ਨੂੰ ਮਾਫ਼ ਕੀਤਾ, ਪਰ ਉਸ ਨੇ ਪੌਲੁਸ ਨੂੰ ਇਸ ਰਸੂਲ ਦੇ ਤੌਰ ਤੇ "ਸੇਵਾ" (διακονία, *ਡਾਈਕੋਨੀਆ*; "ਸੇਵਕਾਈ") ਵਿਚ ਲਿਆਉਣ ਦੇ ਲਈ ਵੀ ਉਸ ਤੇ ਭਰੋਸਾ ਕੀਤਾ ਸੀ। ਮਸੀਹ ਲਈ ਪੌਲੁਸ ਦੀ ਸੇਵਾ ਉਨ੍ਹਾਂ ਦੇ ਪੂਰਨ ਮੇਲ ਮਿਲਾਪ ਨੂੰ ਵਿਖਾਉਂਦੀ ਸੀ। ਪੌਲੁਸ ਆਪਣੇ ਸੱਦੇ ਦੇ ਪ੍ਰਤੀ ਵਫ਼ਾਦਾਰ ਰਿਹਾ। ਇਕ ਰਸੂਲ ਦੇ ਤੌਰ ਤੇ ਜਦੋਂ ਉਸ ਨੇ ਆਪਣੀ ਕਈ ਸਾਲਾਂ ਦੀ ਸੇਵਕਾਈ ਨੂੰ ਯਾਦ ਕੀਤਾ, ਤਾਂ ਉਸ ਨੇ ਆਪਣਾ ਧੰਨਵਾਦ ਪਰਗਟ ਕੀਤਾ:

> ਮੈਂ ਮਸੀਹ ਯਿਸੂ ਸਾਡੇ ਪ੍ਰਭੂ ਦਾ ਜਿਨ ਮੈਨੂੰ ਬਲ ਦਿੱਤਾ ਧੰਨਵਾਦ ਕਰਦਾ ਹਾਂ ਇਸ ਲਈ ਜੋ ਉਹ ਨੇ ਮੈਨੂੰ ਮਾਤਬਰ ਸਮਝ ਕੇ ਇਸ ਸੇਵਕਾਈ ਉੱਤੇ ਲਾਇਆ। ਭਾਵੇਂ ਮੈਂ ਪਹਿਲਾਂ ਕੁਫ਼ਰ ਬਕਣ ਵਾਲਾ ਅਤੇ ਸਤਾਉਣ ਵਾਲਾ ਅਤੇ ਧੱਕੇਖੋਰਾ ਸਾਂ ਪਰ ਮੇਰੇ ਉੱਤੇ ਰਹਮ ਹੋਇਆ ਇਸ ਲਈ ਜੋ ਮੈਂ ਇਹ ਬੇਪਰਤੀਤੀ ਵਿੱਚ ਅਣਜਾਣਪੁਣੇ ਨਾਲ ਕੀਤਾ ਅਤੇ ਸਾਡੇ ਪ੍ਰਭੂ ਦੀ ਕਿਰਪਾ ਨਿਹਚਾ ਅਤੇ ਪ੍ਰੇਮ ਨਾਲ ਜੋ ਮਸੀਹ ਯਿਸੂ ਵਿੱਚ ਹੈ ਅੱਤ ਘਨੇਰੀ ਹੋਈ। ਇਹ ਬਚਨ ਪੱਕਾ ਹੈ ਅਤੇ ਪੂਰੀ ਤਰਾਂ ਮੰਨਣ ਜੋਗ ਹੈ ਭਈ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ। ਪਰ ਮੇਰੇ ਉੱਤੇ ਇਸ ਕਾਰਨ ਰਹਮ ਹੋਇਆ ਭਈ ਮੇਰੇ ਸਬੱਬੋਂ ਜਿਹੜਾ ਮਹਾਂ ਪਾਪੀ ਹਾਂ ਯਿਸੂ ਮਸੀਹ ਆਪਣੇ ਪੂਰੇ ਧੀਰਜ ਨੂੰ ਪਰਗਟ ਕਰੇ ਤਾਂ ਜੋ ਇਹ ਉਨ੍ਹਾਂ ਦੇ ਨਮਿੱਤ ਜਿਹੜੇ ਉਸ ਉੱਤੇ ਸਦੀਪਕ ਜੀਵਨ ਲਈ ਨਿਹਚਾ ਕਰਨਗੇ ਇੱਕ ਨਮੂਨਾ ਹੋਵੇ (1 ਤਿਮੋਥਿਉਸ 1:12-16)।

ਪੌਲੁਸ ਦੇ ਧੰਨਵਾਦ ਦੇ ਇਸ ਪਰਗਟਾਵੇ ਦਾ ਅਰਥ ਇਹ ਸੀ ਕਿ "ਜੇਕਰ ਮਸੀਹ ਮੇਰੇ ਵਰਗੇ ਮਹਾਂ ਪਾਪੀ ਉੱਤੇ ਰਹਮ ਕਰ ਸਕਦਾ ਹੈ ਅਤੇ ਮੈਨੂੰ ਮੇਰੇ ਸਾਰੇ ਪਾਪ ਮਾਫ਼ ਕਰ ਸਕਦਾ ਹੈ, ਤਾਂ ਸਦੀਪਕ ਜੀਵਨ ਦੀ ਆਸ ਹਰੇਕ ਵਿਅਕਤੀ ਦੇ ਲਈ ਹੈ ਜਿਹੜਾ ਉਸ ਦੇ ਭਰੋਸਾ ਕਰੇਗਾ ਅਤੇ ਉਸ ਦੀ ਆਗਿਆ ਦਾ ਪਾਲਣ ਕਰੇਗਾ" (ਵੇਖੋ ਇਬਰਾਨੀਆਂ 5:9)।

---

## ਟਿੱਪਣੀਆਂ

[1]ਕੈਨੇਥ ਏ. ਮੈਥਿਊਜ, *ਜੈਨੇਸਿਸ 11:27-50:26*, ਦ ਨਿਊ ਅਮੈਰੀਕਨ ਕਮੈਂਟਰੀ, ਜਿਲਦ 1B (ਨੈਸ਼ਵਿਲੇ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005), 917. [2]ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸੋਗ ਸੁਗੰਧੀਆਂ ਭਰਨ ਦੇ ਚਾਲੀ ਦਿਨਾਂ ਦੌਰਾਨ ਸ਼ੁਰੂ ਹੁੰਦਾ ਸੀ ਅਤੇ ਇਹ ਹੋਰ ਤੀਹ ਦਿਨਾਂ ਦੇ ਲਈ ਚੱਲਦਾ ਰਹਿੰਦਾ ਸੀ। ਬਾਅਦ ਵਾਲੇ ਤੀਹ ਦਿਨਾਂ ਦਾ ਸਮਾਂ ਹਾਰੂਨ (ਗਿਣਤੀ 20:29) ਅਤੇ ਮੂਸਾ (ਬਿਵਸਥਾ ਸਾਰ 34:8) ਦੋਹਾਂ ਦੇ ਲਈ ਸੋਗ ਦੇ ਤੀਹ ਦਿਨਾਂ ਦੇ ਨਾਲ ਮੇਲ ਖਾਂਦਾ ਸੀ। [3]ਰਿਚਰਡ ਐਨ. ਜੋਨਸ ਦੀ ਪੁਸਤਕ *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੋਧ, ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡੱਬਲਡੇਅ, 1992), ਵਿਚ ਸਫ਼ੇ 2:491-92 ਤੇ "ਸੁਗੰਧੀਆਂ ਮਲਨਾ ਹੈ।" [4]ਇਹੋ ਜਿਹੀ ਸਥਿਤੀ ਅਸਤਰ 4:1, 2 ਵਿਚ ਵੀ ਮਿਲਦੀ ਹੈ, ਜਿੱਥੇ ਮਾਰਦਕਈ ਸੂਸਾ, ਫਾਰਸੀਆ ਵਿਚ ਸ਼ਾਹੀ ਫਾਟਕ ਦੇ ਅੰਦਰ ਨਹੀਂ ਸੀ ਜਾ ਸਕਦਾ, ਕਿਉਂਕਿ ਉਹ ਸੋਗ ਕਰ ਰਿਹਾ ਸੀ (ਤੱਪੜ ਅਤੇ ਸੁਆਹ ਪਹਿਨੀ ਹੋਈ ਸੀ)। [5]ਦੇਹਾਂਤ ਤੋਂ ਪਹਿਲਾਂ ਆਪਣੇ ਮੰਜੇ ਉੱਤੇ ਬੈਠੇ-ਬੈਠੇ, ਯਾਕੂਬ ਨੇ ਪਰਿਵਾਰ ਦੇ ਉਨ੍ਹਾਂ ਜੀਆਂ ਦੇ ਨਾਵਾਂ ਦਾ ਜ਼ਿਕਰ ਕੀਤਾ ਜਿਹੜੇ ਮਕਫੇਲਾਹ ਦੀ ਗੁਫਾ ਵਿਚ ਦੱਬੇ ਗਏ ਸਨ: ਅਬਰਾਹਾਮ, ਸਾਰਾਹ, ਇਸਹਾਕ, ਰਿਬਕਾਹ ਅਤੇ ਲੇਆਹ (49:31)। ਕਿਉਂਕਿ ਰਾਖੇਲ ਬੈਤਏਲ ਅਤੇ ਬੈਤਲਹਮ ਵਿਚਕਾਰ ਕਿਸੇ ਥਾਂ ਤੇ ਮਰੀ ਸੀ, ਉਸ ਨੂੰ ਪਰਿਵਾਰ ਦੇ ਕਬਰਿਸਤਾਨ ਵਿਚ ਨਹੀਂ ਸੀ ਦੱਬਿਆ ਗਿਆ (35:16-20)। ਬਾਈਬਲ ਦੀ ਇਸ ਲਿਖਤ ਦਾ ਅਰਥ ਇਹ ਹੈ ਕਿ ਸਿਰਫ ਯਾਕੂਬ ਹੀ ਅਬਰਾਹਾਮ ਦੀ ਅੰਸ ਵਿੱਚੋਂ ਉੱਥੇ ਦੱਬਿਆ ਜਾਣ ਵਾਲਾ ਦੂਜਾ ਵਿਅਕਤੀ ਸੀ (50:7-14)। [6]ਕਈ ਸਦੀਆਂ ਬਾਅਦ, ਫ਼ਿਰਊਨ ਦੇ ਘੋੜਿਆਂ ਅਤੇ ਰੱਥਾਂ ਨੂੰ ਇਸਰਾਏਲ ਦੇ ਪੁੱਤਰਾਂ ਦੇ *ਵਿਰੁੱਧ* ਭੇਜਿਆ ਜਾਵੇਗਾ ਜਦੋਂ ਉਹ ਮਿਸਰ ਨੂੰ ਛੱਡ ਕੇ ਜਾਣਗੇ (ਕੂਚ 14:9, 17,

18, 23, 26, 28)। [7]ਜੌਨ ਟੀ. ਵਿਲੀਜ, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 459. [8]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ, ਚਾਰਲਸ ਏ. ਬਰਿੱਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1962), 31. [9]ਗੋਰਡਨ ਜੇ. ਵੈਨਹਮ ਨੇ ਯਰੀਹੋ ਦੇ ਨੇੜੇ ਇਕ ਥਾਂ ਦਾ ਪਰੰਪਰਾਗਤ ਥਾਂ ਵਜੋਂ ਜ਼ਿਕਰ ਕੀਤਾ ਪਰ ਯਰਦਨ ਨਦੀ ਦੇ ਚੜ੍ਹਦੇ ਪਾਸੇ ਇਕ ਹੋਰ ਥਾਂ ਨੂੰ ਚੁਣਿਆ ਸੀ। (ਗੋਰਡਨ ਜੇ. ਵੈਨਹਮ, *ਜੈਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 [ਡਾਲਸ: ਵਰਡ ਬੁਕਸ, 1994], 489.) ਮੈਥਿਊਜ ਨੇ ਟੈਲ ਏਲ ਅਜੁੱਲ ਨੂੰ ਸਭ ਤੋਂ ਉਚਿਤ ਵਿਕਲਪ ਦੱਸਿਆ ਕਿਉਂਕਿ ਇਹ ਫਲਿਸਤੀਆਂ ਦੇ ਦੇਸ ਦੇ ਮੈਦਾਨੀ ਇਲਾਕੇ ਦੇ ਨਾਲ-ਨਾਲ ਜਾਂਦਾ ਹੋਇਆ ਮਿਸਰ ਤੋਂ ਕਨਾਨ ਨੂੰ ਜਾਣ ਦਾ ਸਭ ਤੋਂ ਛੋਟਾ ਰਾਹ ਸੀ (ਕੂਚ 13:17)। (ਮੈਥਿਊਜ, 919.) [10]ਸਾਈਮਨ ਕੋਹੇਨ ਦੀ ਪੁਸਤਕ *ਦਿ ਇੰਟਰਪਰੇਟਰਜ ਡਿਕਸ਼ਨਰੀ ਆਫ਼ ਦ ਬਾਈਬਲ*, ਸੋਧ, ਜੌਰਜ ਆਰਥਰ ਬਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962) ਵਿਚ ਸਫ਼ਾ 1:305 ਤੇ "ਅਤਾਦ" ਹੈ।

[11]ਗੈਰੀ ਐਚ. ਓਲਰ ਦੀ ਪੁਸਤਕ *ਦਿ ਐਂਕਰ ਬਾਈਬਲ ਡਿਕਸ਼ਨਰੀ* ਵਿਚ ਸਫ਼ਾ 1:508 ਤੇ "ਅਤਾਦ" ਹੈ। [12]NIV ਬਾਈਬਲ ਵਿਚ "ਯਰਦਨ ਦੇ ਨੇੜੇ" ਹੈ, ਜੋ ਕਿ ਸੱਚਮੁੱਚ ਅਜੀਬ ਜਾਪਦਾ ਹੈ, ਕਿਉਂਕਿ עֵבֶר (*ਏਬੇਰ)* ਦਾ ਅਰਥ ਹੈ "ਦੂਜੇ ਪਾਸੇ" ਜਾਂ "ਪਾਰ।" (ਬਰਾਊਨ, ਡਰਾਈਵਰ ਐਂਡ ਬਰਿੱਗਸ, 719.) [13]ਯਰਦਨ ਨਦੀ ਸਮੁੰਦਰੀ ਤਲ ਤੋਂ ਲਗਭਗ 1,300 ਫੁੱਟ ਹੇਠਾਂ ਮ੍ਰਿਤ ਸਾਗਰ ਵਿਚ ਵਹਿੰਦੀ ਹੈ ਅਤੇ ਸ਼ਾਇਦ ਯੂਸੁਫ਼ ਦੀ ਟੋਲੀ ਨੇ ਸਮੁੰਦਰ ਦੇ ਉੱਤਰ ਵਿਚ ਕੁਝ ਦੂਰੀ ਤੇ ਨਦੀ ਨੂੰ ਪਾਰ ਕੀਤਾ ਸੀ। [14]ਵਿਕਟਰ ਪੀ. ਹੈਮਿਲਟਨ ਨੇ ਟਿੱਪਣੀ ਕੀਤੀ ਹੈ ਕਿ ਉਤਪਤ 50:11 "ਅਤਾਦ ਦੇ ਪਿੜ" ਦੇ ਰਹਿਣ ਵਾਲਿਆਂ ਦਾ "ਕਨਾਨੀਆਂ" ਵਜੋਂ ਹਵਾਲਾ ਦਿੰਦੀ ਹੈ ਅਤੇ ਪੁਰਾਣੇ ਨੇਮ ਕਨਾਨੀਆਂ ਦੇ ਯਰਦਨ ਨਦੀ ਦੇ ਚੜ੍ਹਦੇ ਪਾਸੇ ਰਹਿਣ ਦਾ ਕਿਸੇ ਵੀ ਥਾਂ ਤੇ ਜ਼ਿਕਰ ਨਹੀਂ ਕੀਤਾ ਗਿਆ। ਇਸ ਲਈ ਯੂਸੁਫ਼ ਅਤੇ ਉਸ ਦੀ ਟੋਲੀ ਦੇ ਵਿਰੁੱਧ ਯਰਦਨ ਨਦੀ ਦੇ ਲਹਿੰਦੇ ਪਾਸੇ ਸੱਤ ਦਿਨ ਦਾ ਸੋਗ ਕਰਨ ਬਾਰੇ ਦਿੱਤੀ ਜਾਣ ਵਾਲੀ ਦਲੀਲ ਬਿਲਕੁਲ ਬੇਬੁਨਿਆਦ ਹੈ। (ਵਿਕਟਰ ਪੀ. ਹੈਮਿਲਟਨ, *ਦ ਬੁਕ ਆਫ਼ ਜੈਨੇਸਿਸ: ਚੈਪਟਰਸ 18-50*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ [ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਕੰਪਨੀ, 1995], 697.) [15]ਮਾਫ਼ੀ ਦੇ ਲਈ ਯੂਸੁਫ਼ ਅੱਗੇ ਕੀਤੀ ਗਈ ਭਰਾਵਾਂ ਦੀ ਬੇਨਤੀ ਵਿਚ ਬਿਨਯਾਮੀਨ ਨੂੰ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਉਹ ਛੋਟਾ ਸੀ ਅਤੇ ਆਪਣੇ ਪਿਤਾ ਨਾਲ ਘਰ ਵਿਚ ਸੀ ਜਦੋਂ ਦਸ ਭਰਾਵਾਂ ਨੇ ਯਾਕੂਬ ਦੇ ਲਾਡਲੇ ਪੁੱਤਰ ਨੂੰ ਗੁਲਾਮੀ ਦੇ ਵਿਚ ਵੇਚਿਆ ਸੀ। [16]ਹੈਮਿਲਟਨ, 703. [17]ਯਾਕੂਬ ਨੇ ਵੀ ਰਾਖੇਲ ਨੂੰ ਇਹੋ ਜਿਹਾ ਹੀ ਸਵਾਲ ਪੁੱਛਿਆ ਸੀ, ਜਿਸ ਨੇ ਆਪਣੇ ਬਾਂਝਪਣ ਦੇ ਲਈ ਯਾਕੂਬ ਨੂੰ ਦੋਸ਼ੀ ਠਹਿਰਾਇਆ ਸੀ (30:1, 2)। [18]ਕਈ ਸਦੀਆਂ ਦੇ ਬਾਅਦ, ਉਨ੍ਹਾਂ ਯਹੂਦੀ ਲੋਕਾਂ ਨੇ ਜਿਹੜੇ ਬਾਬਲ ਦੀ ਗੁਲਾਮੀ ਵਿਚ ਸਨ ਹਿਜ਼ਕੀਏਲ ਦੇ ਪਰਚਾਰ ਤੋਂ ਪਰਮੇਸ਼ੁਰ ਦੇ ਸਦੀਪਕ ਉਦੇਸ਼ਾਂ ਦੇ ਬਾਰੇ ਕੁਝ ਸਿੱਖਿਆ ਸੀ। ਉਸ ਦੇ ਸੰਦੇਸ਼ ਨੇ ਨਵਾਂ ਜੀਵਨ ਅਤੇ ਆਸ (ਇਕ ਆਤਮਿਕ ਜੀ ਉੱਠਣਾ) ਉਤਪੰਨ ਕੀਤੀ ਜੋ ਉਨ੍ਹਾਂ ਨੂੰ ਇਸਰਾਏਲ ਦੇ ਦੇਸ ਵਿਚ ਵਾਪਸ ਜਾਣ ਅਤੇ ਉੱਥੇ ਜਾ ਕੇ ਇਕ ਨਵਾਂ ਜੀਵਨ ਸ਼ੁਰੂ ਕਰਨ ਦੇ ਲਈ ਬਲ ਦੇਵੇਗੀ (ਹਿਜ਼ਕੀਏਲ 37:9-14)। [19]ਜਦੋਂ ਯਿਸੂ ਨੇ ਆਪਣੇ ਚੇਲਿਆਂ ਨੂੰ ਸਾਰੇ ਸੰਸਾਰ ਵਿਚ ਜਾ ਕੇ ਖੁਸ਼ਖ਼ਬਰੀ ਦਾ ਪਰਚਾਰ ਕਰਨ ਦੇ ਲਈ ਘੱਲਿਆ, ਉਹ ਇੱਥੇ ਯਾਕੂਬ ਨੂੰ ਪਰਮੇਸ਼ੁਰ ਦੁਆਰਾ ਕਹੀ ਗੱਲ ਨਾਲ ਸਹਿਮਤ ਸੀ, ਕਿਉਂਕਿ ਉਸ ਨੇ ਵੀ ਇਹੋ ਜਿਹਾ ਹੀ ਵਾਇਦਾ ਕੀਤਾ: "ਮੈਂ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:20)। [20]ਅਗੱਸਟਿਨ, "ਸਰਮਨ 382: ਸਰਮਨ ਆਨ ਦ ਬਰਥਡੇਅ ਆਫ਼ ਸੇਂਟ ਸਟੀਫਨ ਦ ਫਰਸਟ ਮਾਰਟੀਅਰ," ਇਨ *ਸਰਮਨਸ 341-400*, ਦ ਵਰਕਸ ਆਫ਼ ਸੇਂਟ ਅਗੱਸਟਿਨ: ਏ ਟਰਾਂਸਲੇਸ਼ਨ ਫਾਰ ਟਵੰਟੀ ਫਰਸਟ ਸੈਂਚੁਰੀ, ਪਾਰਟ 3, ਜਿਲਦ 10, ਅਨੁਵਾਦ ਐਡਮੁੰਡ ਹਿਲ, ਸੋਧ, ਜੌਨ ਈ. ਰੋਟੇਲੇ (ਹਾਈਡ ਪਾਰਕ, ਨਿਊ ਯਾਰਕ: ਨਿਊ ਸਿਟੀ ਪ੍ਰੈਸ, 1995), 377.

[21]ਦਾਨੀਏਲ 7:13, 14 ਯਿਸੂ ਦੇ ਆਪਣੇ ਰਾਜ ਨੂੰ ਸਥਾਪਤ ਕਰਨ ਦੇ ਲਈ ਅਕਾਸ਼ ਤੋਂ ਧਰਤੀ ਤੇ ਹੇਠਾਂ ਉੱਤਰਣ ਦਾ ਵਰਣਨ ਨਹੀਂ ਕਰਦੀਆਂ, ਜਿਵੇਂ ਕਿ ਕੁਝ ਲੋਕ ਸੋਚਦੇ ਹਨ; ਬਲਕਿ, ਇਹ ਯਿਸੂ (ਮਨੁੱਖ ਦੇ ਪੁੱਤ੍ਰ) ਦੇ "ਪਾਤਸ਼ਾਹੀ ਅਰ ਪਰਤਾਪ ਅਰ ਰਾਜ ਨੂੰ ਪ੍ਰਾਪਤ ਕਰਨ ਦੇ ਲਈ ਭਈ ਸੱਭੇ ਕੌਮਾਂ ਅਰ ਲੋਕ ਅਰ ਬੋਲੀਆਂ ਉਹ ਦੀ ਟਹਿਲ ਕਰਨ" (ਦਾਨੀਏਲ 7:13, 14) ਪਰਮੇਸ਼ੁਰ ("ਅੱਤ ਪਰਾਚੀਨ"; ਦਾਨੀਏਲ 7:9, 10) ਦੇ ਸਿੰਘਾਸਣ ਨੂੰ ਚੜ੍ਹਨ ਦਾ ਹਵਾਲਾ ਦਿੰਦੀਆਂ ਹਨ। ਉਸੇ ਤਰ੍ਹਾਂ, ਪਤਰਸ ਨੇ ਯਿਸੂ ਦੇ ਅਕਾਸ਼ ਨੂੰ ਉਠਾਏ ਜਾਣ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੋਣ ਦੀ ਵਿਆਖਿਆ ਪ੍ਰਭੂ ਅਤੇ ਮਸੀਹ (ਮਸੀਹਾ) ਦੇ ਤੌਰ ਤੇ ਦਾਊਦ ਦੇ ਸਿੰਘਾਸਣ ਉੱਤੇ ਉਸ ਦੇ ਪਾਤਸ਼ਾਹੀ ਰਾਜ ਦੀ ਸ਼ੁਰੂਆਤ ਵਜੋਂ ਕੀਤੀ ਸੀ। ਪੈਂਟੀਕਾਸਟ ਦੇ ਦਿਨ ਉਸ ਖੁਸ਼ਖ਼ਬਰੀ ਸੰਦੇਸ਼ ਦਾ ਨਤੀਜਾ ਹਜ਼ਾਰਾਂ ਲੋਕਾਂ ਦਾ ਆਗਿਆਕਾਰੀ ਜਵਾਬ ਸੀ (ਰਸੂਲਾਂ ਦੇ ਕਰਤੱਬ 2:29-41)। [22]ਟੈਸੀਟਸ *ਐਨਲਸ* 15:44. [23]ਇਸੇ ਇਬਰਾਨੀ ਸ਼ਬਦ עֶבֶד (*ਏਬੇਦ*) ਦਾ ਅਰਥ ਜਾਂ ਤਾਂ "ਨੌਕਰ" ਜਾਂ "ਗੁਲਾਮ" ਹੁੰਦਾ ਹੈ। ਸ਼ਾਇਦ ਇੱਥੇ ਇਸ ਦਾ ਅਰਥ ਗੁਲਾਮ ਹੈ, ਕਿਉਂਕਿ ਯੂਸੁਫ਼ ਦੇ ਭਰਾਵਾਂ ਨੇ ਉਸ ਨੂੰ ਗੁਲਾਮੀ ਵਿਚ ਵੇਚਿਆ ਸੀ।